੧ੴ ਵਾਹਿਗੁਰੂ ਜੀ ਕੀ ਫ਼ਤਿਹ

# ਅੰਮ੍ਰਿਤਸਰ ਦੀ ਤਵਾਰੀਖ

ਲੇਖਕ

ਕਰਮ ਸਿੰਘ (ਹਿਸਟੋਰੀਅਨ)

ਪ੍ਰਕਾਸ਼ਕ : ਧਰਮ ਪ੍ਰਚਾਰ ਕਮੇਟੀ,

ਸ਼੍ਰੋ. ਗੁ. ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਵਾਹਿਗੁਰੂ ਜੀ ਕੀ ਫ਼ਤਹ ॥

# ਤਵਾਰੀਖ ਅੰਮ੍ਰਿਤਸਰ

ਟੀਕਾਕਾਰ
ਸ: ਕਰਮ ਸਿੰਘ (ਹਿਸਟੋਰੀਅਨ)

ਧਰਮ ਪ੍ਰਚਾਰ ਕਮੇਟੀ ਸ਼੍ਰੀ ਅੰਮ੍ਰਿਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਦੀ 300 ਪੁਸਤਕਾਂ ਛਾਪਣ ਦੀ ਲੜੀ ਨੂੰ ਸਮਰਪਿਤ

Digitized by Panjab Digital Library | www.panjabdigilib.org

ਪ੍ਰਕਾਸ਼ਕ:- ਧਰਮ ਪ੍ਰਚਾਰ ਕਮੇਟੀ
ਸਹਿਯੋਗੀ : ਕੇਂਦਰੀ ਸਿੰਘ ਸਭਾ ਅਕੈਡਮੀ
ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ
ਸੈਕਟਰ 28, ਚੰਡੀਗੜ੍ਹ।

ਭੇਟਾ ਪੇਪਰਬੈਕ : ੨੫ ਰੁਪਏ
ਡੀਲਕੱਸ : ੩੦ ਰੁਪਏ

ਟਾਇਪ ਸੈਟਿੰਗ
ਵਿਬਰੋ ਕੰਪਰਿੰਟਸ
1132 ਫੇਜ਼ 5, ਮੁਹਾਲੀ
ਫੋਨ :-(0172) 674657, 223419

ਛਾਪਕ
ਏਸ ਗਰਾਫਿਕਸ
ਐਸ.ਸੀ.ਓ. 2443-44, ਸੈਕਟਰ 22-ਸੀ
ਚੰਡੀਗੜ੍ਹ ਫੋਨ: (0172) 706589, 604432

Digitized by Panjab Digital Library | www.panjabdigilib.org

# ਤਤਕਰਾ


| ਸਿਰਲੇਖ | ਪੰਨਾ |
|---|---|
| ਭੂਮਿਕਾ | ੧ |
| ਸ੍ਰੀ ਅੰਮ੍ਰਿਤਸਰ ਜੀ | ੧੧ |
| ਸ੍ਰੀ ਅੰਮ੍ਰਿਤਸਰ ਜੀ ਦਾ ਮੁੱਢ ਬੱਝਣਾ | ੧੧ |
| ਕਟੜੇ ਸ਼ਹਿਰ ਦੇ | ੧੨ |
| ਹਾਲ ਸ਼ਹਿਰ ਦੇ | ੧੮ |
| ਹਾਲ ਸਰੋਵਰ | ੧੯ |
| ਹਾਲ ਦਰਸ਼ਨੀ ਦਰਵਾਜ਼ਾ | ੨੨ |
| ਹਾਲ ਪੁਲ | ੨੩ |
| ਹਾਲ ਛੋਟੀ ਪਰਕਰਮਾਂ | ੨੪ |
| ਹਾਲ ਹਰ ਕੀ ਪੌੜੀ | ੨੪ |
| ਹਾਲ ਖਾਸ ਅਮਾਰਤ ਦਰਬਾਰ ਸਾਹਿਬ | ੨੫ |
| ਹਾਲ ਅਸਬਾਬ ਮੌਜੂਦ ਤੋਸ਼ਾ ਖਾਨਾ ਦਰਬਾਰ ਸਾਹਿਬ | ੨੮ |
| ਅਸਬਾਬ ਜੋ ਹੀਰਾ ਸਿੰਘ ਤੋਂ ਮਗਰੋਂ ਗਿਣਿਆ | ੨੯ |
| ਉਹ ਸ਼ਖਸ਼ ਜੋ ਦਰਬਾਰ ਸਾਹਿਬ ਤੋਂ ਪਰਵਰਿਸ਼ ਪਾਉਂਦੇ ਹਨ | ੩੦ |
| ਹਾਲ ਗ੍ਰੰਥੀਆਂ | ੩੧ |
| ਹਾਲ ਗਿਆਨੀਆਂ | ੩੩ |
| ਹਾਲ ਮੁੱਸਦੀਆਂ, ਪੁਜਾਰੀਆਂ, ਅਰਦਾਸੀਆਂ, ਧੂਪੀਆਂ ਅਤੇ ਪਤੀਦਾਰਾਂ ਆਦਿ ਦਾ | ੩੪ |


Digitized by Panjab Digital Library | www.panjabdigilib.org

| | |
|---|---|
| ਹਾਲ ਰਾਗੀਆਂ, ਰਬਾਬੀਆਂ | ੩੬ |
| ਨਕਸ਼ਾ ਰਾਗੀਆਂ, ਰਬਾਬੀਆਂ | ੩੭ |
| ਹਾਲ ਅਸਵਾਰਾ ਸਾਹਿਬ | ੩੯ |
| ਹਾਲ ਬੁੰਗਿਆਂ | ੩੯ |
| ਰਾਹ ਜੋ ਦਰਬਾਰ ਸਾਹਿਬ ਨੂੰ ਆਉਂਦੇ ਹਨ | ੪੮ |
| ਮੇਲੇ ਦਰਬਾਰ ਸਾਹਿਬ | ੫੦ |
| ਹਾਲ ਦੁਖ ਭੰਜਨੀ ਸਾਹਿਬ | ੫੧ |
| ਹਾਲ ਗੁਰੂ ਕਾ ਬਾਗ਼ | ੫੧ |
| ਹਾਲ ਬਾਬਾ ਅੱਟਲ ਸਾਹਿਬ | ੫੩ |
| ਹਾਲ ਅਖਾੜਿਆਂ ਦਾ | ੫੭ |
| ਗੁਰਦੁਆਰੇ ਜੋ ਸ਼ਹਿਰ ਦੀ ਹਦ ਅੰਦਰ ਹਨ | ੬੨ |
| ਧਰਮਸ਼ਾਲਾ ਜੋ ਸ਼ਹਿਰ ਵਿਚ ਹਨ | ੬੩ |
| ਫਹਿਰਿਸਤ ਸਮਾਧਾਂ | ੭੩ |
| ਸ਼ਹਿਰ ਦੇ ਅੰਦਰ ਠਾਕਰ ਦਵਾਰੇ | ੭੪ |
| ਫਹਿਰਿਸਤ ਸ਼ਿਵਾਲਿਆਂ ਦੀ | ੭੭ |
| ਫਹਿਰਿਸਤ ਤਲਾਵਾਂ ਦੀ | ੭੮ |
| ਫਹਿਰਿਸਤ ਤਕੀਆਂ ਦੀ | ੭੮ |
| ਫਹਿਰਿਸਤ ਮਸੀਤਾਂ | ੭੮ |
| ਹਾਲ ਦਰਵਾਜ਼ਿਆਂ | ੭੯ |
| ਸ਼ਹਿਰ ਦਾ ਖੇਤਰਫਲ | ੮੩ |
| ਸਿਫਤਾਂ ਸਰੋਵਰ ਦੀਆਂ | ੮੩ |


Digitized by Panjab Digital Library | www.panjabdigilib.org

# ਭੂਮਿਕਾ

ਤਵਾਰੀਖ ਸ੍ਰੀ ਅੰਮ੍ਰਿਤਸਰ, ਇਤਿਹਾਸ ਦੇ ਸੁਨਹਿਰੀ ਪੱਤਰੇ, ਕੂੜੇ ਵਿਚੋਂ ਗੁਆਚੇ ਲੱਭੇ ਹਨ । ਇਨ੍ਹਾਂ ਵਿਚ ਕਈ ਅਸਚਰਜ ਵਸਤਾਂ ਹਨ ਜੋ ਪਹਿਲਾਂ ਕਿਸੇ ਇਤਿਹਾਸਕਾਰ ਨੇ ਨਹੀਂ ਲਿਖੀਆਂ । ਇਸ ਸਦੀ ਦੇ ਅਰੰਭਕ ਵਰ੍ਹਿਆਂ ਵਿਚ ਪਹਿਲਾਂ ਸਿੱਖ ਇਤਿਹਾਸ ਦੇ ਇਨ੍ਹਾਂ ਕੀਮਤੀ ਲਾਲਾਂ ਨੂੰ ਖੋਜਿਆ ਤੇ ਸੰਭਾਲਿਆ ਸ: ਕਰਮ ਸਿੰਘ ਨੇ ਜੋ ਪਿੱਛੋਂ ਪ੍ਰਸਿੱਧ(ਹਿਸਟੋਰੀਅਨ) ਮੰਨੇ ਗਏ । ਫਿਰ ਹੁਣੇ (ਜੁਨ-ਜੁਲਾਈ 1998 ਵਿਚ) ਕਾਗਜ਼ਾਂ ਦੇ ਬੇਕਾਰ ਹੋਏ ਢੇਰ ਵਿਚੋਂ ਖੋਜਿਆ, ਉਨ੍ਹਾਂ ਦੇ ਸਪੁੱਤਰ ਸ: ਰਣਬੀਰ ਸਿੰਘ ਨੇ ।

ਇਨ੍ਹਾਂ ਕਾਗਜ਼ਾਂ ਦੇ ਗੁਆਚਣ ਤੇ ਮੁੜ ਲੱਭਣ ਦੀ ਸੰਖੇਪ ਕਹਾਣੀ ਇਸ ਤਰ੍ਹਾਂ ਹੈ :-

ਸ: ਕਰਮ ਸਿੰਘ ਜਿਥੇ-ਜਿਥੇ ਜਾਂਦੇ ਰਹੇ ਉਨ੍ਹਾਂ ਦੇ ਕੁਝ ਖੋਜੇ ਤੇ ਲਿਖੇ ਕਾਗਜ ਪੱਤਰ ਕਈ ਵਾਰ ਨਾਲ ਹੀ ਯਾਤਰਾ ਕਰਦੇ ਰਹੇ, ਕਈ ਵਾਰ ਕਿਸੇ ਸੁਰੱਖਿਅਤ ਥਾਂਵਾਂ ਤੇ ਸੰਭਾਲੇ ਜਾਂਦੇ ਰਹੇ । ਸ: ਕਰਮ ਸਿੰਘ ਜੀ ਸਰੀਰ ਛੱਡ ਗਏ, ਉਨ੍ਹਾਂ ਦੀਆਂ ਸਾਰੀਆਂ ਲਿਖਤਾਂ, ਉਨ੍ਹਾਂ ਦੇ ਸਪੁੱਤਰ ਸ: ਰਣਬੀਰ ਸਿੰਘ ਨੇ, ਸ: ਕਰਮ ਸਿੰਘ ਜੀ ਦੇ ਉਤਰਾਧਿਕਾਰੀ ਜਾਣਕੇ, ਸ: ਗੰਡਾ ਸਿੰਘ 'ਕੇਵਲ' ਨੂੰ ਸੌਂਪ ਦਿੱਤੀਆਂ, ਜਿਨ੍ਹਾਂ ਨੇ ਸ: ਕਰਮ ਸਿੰਘ ਜੀ ਦੇ ਚਲਾਣੇ ਪਿੱਛੋਂ ਉਨ੍ਹਾਂ ਪ੍ਰਤੀ ਸ਼ਰਧਾ ਤੇ ਪਿਆਰ ਭਰੇ ਲੇਖ ਲਿਖੇ ਸਨ । ਸ: ਕਰਮ ਸਿੰਘ ਦਾ ਵਿਛੋੜਾ ਹੋਰਨਾਂ ਨਾਲੋਂ ਉਨ੍ਹਾਂ ਵੱਧ ਦੁਖਦਾਈ ਅਨੁਭਵ ਕੀਤਾ ਸੀ ਅਤੇ ਉਨ੍ਹਾਂ ਜੀਵਨੀ ਲਿਖਣ ਦਾ ਐਲਾਨ ਵੀ ਕੀਤਾ ਸੀ । ਜੋ ਮਾਸਕ ਪੱਤਰ(ਫੁਲਵਾੜੀ ਸਤੰਬਰ 1930, ਸਫਾ 141) ਦੇ ਕਰਮ ਸਿੰਘ ਅੰਕ ਵਿਚ ਖਾਸ ਤੌਰ ਤੇ ਪ੍ਰਗਟ ਹੋਇਆ ।

ਨੌਜਵਾਨ ਗੰਡਾ ਸਿੰਘ 'ਕੇਵਲ' ਕੁਝ ਸਮੇਂ ਲਈ ਅਬਾਦਾਨ ਤੋਂ ਆ ਕੇ 'ਫੁਲਵਾੜੀ' ਮਾਸਕ ਪੱਤਰ ਵਿਚ ਕੰਮ ਕਰ ਰਹੇ ਸਨ । ਗਿਆਨੀ ਹੀਰਾ ਸਿੰਘ ਦਰਦ ਨੇ 'ਫੁਲਵਾੜੀ' ਦਾ 'ਕਰਮ ਸਿੰਘ ਅੰਕ' ਕੱਢਿਆ, ਉਸ ਲਈ ਸ: ਗੰਡਾ ਸਿੰਘ ਨੇ ਉਨ੍ਹਾਂ ਨੂੰ ਚੰਗਾ ਮਿਲਵਰਤਣ ਦਿੱਤਾ ।

ਸ: ਕਰਮ ਸਿੰਘ ਜੀ ਦੇ ਚਲਾਣੇ ਨੂੰ ਉਸ ਵੇਲੇ ਸਿੱਖ ਸੰਸਾਰ ਵਿਚ ਕੌਮੀ ਦੁਖਾਂਤ ਮੰਨਿਆ ਗਿਆ ਸੀ, ਪੰਜਾਬ ਤੇ ਬਾਹਰਲੇ ਉਘੇ ਇਤਿਹਾਸ ਪ੍ਰੇਮੀਆਂ, ਉਚੇ ਵਿਦਵਾਨਾਂ ਦੇ ਆਪਣੇ ਮਨੋਭਾਵ ਪ੍ਰਗਟਾਉਣ ਦਾ ਇਹ ਅੰਕ ਖਾਸ ਸਾਧਨ ਬਣਿਆ । ਸ: ਕਰਮ ਸਿੰਘ ਵਿਸ਼ੇਸ਼ ਅੰਕ ਕੀ ਛਪਿਆ ਇਸ ਨੇ ਸਿੱਖ ਇਤਿਹਾਸ ਦੇ ਹਿਤੈਸ਼ੀ

Digitized by Panjab Digital Library | www.panjabdigilib.org

ਸੂਝਵਾਨਾਂ ਤੇ ਪੰਜਾਬੀਆਂ ਅੰਦਰ, ਇਤਿਹਾਸ ਖੋਜ ਲਈ ਸੁੱਤੀਆਂ ਕਲਾਂ ਜਗਾ ਦਿੱਤੀਆਂ। ਪੰਜਾਬੀ ਵਿਦਵਾਨਾਂ ਦੀ ਉਚ ਮੰਡਲੀ ਦੀਆਂ ਹਸਤੀਆਂ ਦੀ ਪ੍ਰੇਰਨਾ ਭਰੇ ਤੇ ਦਿਲ ਟੁੰਬਣ ਵਾਲੇ ਲੇਖਾਂ ਨੇ ਕੌਮੀ ਦਰਦ ਰੱਖਣ ਵਾਲਿਆਂ ਦੀਆਂ ਅੱਖਾਂ ਤੋਂ ਹੰਝੂ ਵਗਾ ਦਿੱਤੇ। ਕੋਈ ਘੱਟ ਕੋਈ ਵੱਧ ਇਤਿਹਾਸ ਖੋਜ ਦੇ ਕੰਮ ਲਈ ਕੁਝ ਕਰਨਾ ਉਸ ਵੇਲੇ ਆਪਣਾ ਕਰਤੱਵ ਸਮਝਣ ਲੱਗ ਪਿਆ। ਭਾਈ ਵੀਰ ਸਿੰਘ ਜੀ ਦੇ ਅਖਬਾਰ 'ਖਾਲਸਾ ਸਮਾਚਾਰ ਨੇ' ਆਓ ਆਹੂਤੀ ਪਾਈਏ", ਪ੍ਰੇਰਨਾ ਭਰੇ ਵਿਸ਼ੇਸ਼ ਲੇਖ ਲਿਖੇ।

ਸ: ਗੰਡਾ ਸਿੰਘ ਜੀ ਨੂੰ ਇਤਿਹਾਸਕ ਖੋਜ ਦੇ ਕੰਮਾਂ ਵਿਚ ਦਿਲਚਸਪੀ ਰੱਖਣ ਵਾਲੇ ਨੌਜਵਾਨ ਸਮਝ ਕੇ, ਸ. ਕਰਮ ਸਿੰਘ ਦੇ ਸਪੁੱਤਰ ਸ: ਰਣਬੀਰ ਸਿੰਘ ਨੇ, ਸ: ਕਰਮ ਸਿੰਘ ਜੀ ਦੇ ਸਾਰੇ ਕਾਗਜ਼ ਪੱਤਰ ਫਾਈਲਾਂ ਦੇ ਟਰੰਕ ਤੇ ਬਸਤੇ ਉਨ੍ਹਾਂ ਨੂੰ ਸੌਂਪ ਦਿੱਤੇ, ਤਾਂ ਕਿ ਕਰਮ ਸਿੰਘ ਜੀ ਦੇ ਕਾਗਜ਼ਾਂ ਦੀ ਘੋਖ ਪੜਤਾਲ ਕਰਕੇ, ਗੰਡਾ ਸਿੰਘ ਜੀ ਉਨ੍ਹਾਂ ਵਿਚੋਂ ਕਿਤਾਬਾਂ ਦਾ ਰੂਪ ਦੇ ਸਕਣ। ਸ: ਗੰਡਾ ਸਿੰਘ ਨੇ ਉਨ੍ਹਾਂ ਕਾਗਜਾਂ ਵਿਚੋਂ ਅਤੇ 'ਫੁਲਵਾੜੀ' ਰਸਾਲੇ ਵਿੱਚ ਸ: ਕਰਮ ਸਿੰਘ ਦੇ ਲੜੀਵਾਰ ਛਪੇ, 'ਕਾਜ਼ੀ ਨੂਰ ਮੁਹੰਮਦ' ਦੇ 'ਜੰਗਨਾਮੇ' ਨੂੰ ਆਪਣੀਆਂ ਛੋਹਾਂ ਲਗਾ ਕੇ ਆਪਣੇ ਨਾਮ ਹੇਠਾਂ ਕਿਤਾਬੀ ਰੂਪ ਵਿਚ ਪ੍ਰਕਾਸ਼ਤ ਵੀ ਕਰਵਾ ਦਿੱਤਾ। ਸ: ਕਰਮ ਸਿੰਘ ਜੀ ਨੇ ਜੋ ਘਾਲਣਾ ਏਸ ਪੁਸਤਕ ਦੀ ਪ੍ਰਾਪਤੀ ਲਈ ਘਾਲੀ ਸੀ, ਜਿਵੇਂ ਉਹ ਬਲੋਚਿਸਤਾਨ ਤੋਂ ਲੱਭ ਕੇ ਲਿਆਏ ਸਨ, ਠੀਕ ਤਰ੍ਹਾਂ ਇਹ ਵਰਨਣ ਵੀ ਉਸ ਪੁਸਤਕ ਵਿਚ ਨਹੀਂ ਆ ਸਕਿਆ। ਬੇਪਰਵਾਹੀ ਕਾਰਨ ਸ: ਕਰਮ ਸਿੰਘ ਲਿਖਤ ਹੋਰ ਕਈ ਪੁਸਤਕਾਂ ਗੁੰਮ ਹੀ ਹੋ ਗਈਆਂ। 'ਗੁਰ ਗਾਥਾ ਨਿਰਣੈ' ਹੁਣ ਤੱਕ ਨਹੀਂ ਮਿਲੀ, ਕਈ ਲਿਖਤਾਂ ਵਿਚੋਂ ਉਸ ਸਮੇਂ ਜੋ ਕੁਝ ਉਨ੍ਹਾਂ ਦੇ ਕਾਗਜ਼ਾਂ ਵਿਚੋਂ ਕੰਮ ਵਾਲਾ ਮਸਾਲਾ ਸੀ, ਗੰਡਾ ਸਿੰਘ ਜੀ ਦੇ ਕੰਮ ਆਉਂਦਾ ਰਿਹਾ, ਪ੍ਰੇਰਨਾ ਦਿੰਦਾ ਰਿਹਾ, ਪਰ ਇਸ ਤੋਂ ਵੱਡਾ ਲਾਭ ਨਾ ਪ੍ਰਾਪਤ ਕੀਤਾ ਜਾ ਸਕਿਆ।

ਸ: ਗੰਡਾ ਸਿੰਘ ਜੀ ਦਾ ਚਲਾਣਾ ਹੋਇਆ ਉਨ੍ਹਾਂ ਦੇ ਪੰਜਾਬੀ ਯੂਨੀਵਰਸਿਟੀ ਨੂੰ ਲਿਖਤੀ ਵਾਹਦੇ ਅਨੁਸਾਰ ਕਿ,--- ' ਮੇਰੀ ਸਾਰੀ ਲਾਇਬਰੇਰੀ ਤੇ ਕਾਗਜ਼ ਪੰਜਾਬੀ ਯੂਨੀਵਰਸਿਟੀ ਦੇ ਹੋਣਗੇ' ਪੰਜਾਬੀ ਯੂਨੀਵਰਸਿਟੀ ਨੇ ਕਾਗਜ਼ ਪੱਤਰ ਸੰਭਾਲੇ ਤੇ ਕਿਤਾਬਾਂ ਲੈ ਆਂਦੀਆਂ। ਭਾਵੇਂ ਕਈ ਕੀਮਤੀ ਗ੍ਰੰਥ ਤੇ ਲਿਖਤਾਂ ਯੂਨੀਵਰਸਿਟੀ ਤੱਕ ਪੁੱਜਦੀਆਂ-ਪੁੱਜਦੀਆਂ ਹੀ ਅਲੋਪ ਹੋ ਗਈਆਂ, ਫੇਰ ਵੀ ਜੋ ਕੁਝ ਬਚਿਆ ਉਹ ਜਿਸ ਰੂਪ ਵਿਚ ਮਿਲਿਆ ਯੂਨੀਵਰਸਿਟੀ ਦੇ ਕਰਿੰਦਿਆਂ ਨੇ ਸੰਭਾਲ ਲਿਆ। ਉਨ੍ਹਾਂ ਕਾਗਜ਼ਾਂ ਦੀ ਖੋਜ ਪੜਤਾਲ, ਸ: ਰਣਬੀਰ ਸਿੰਘ ਦੇ ਮੁੜ ਹਿੱਸੇ ਆਈ ਤੇ ਉਨ੍ਹਾਂ ਆਪ ਜਾ ਕੇ ਪੜਤਾਲ ਕੀਤੀ। ਇਨ੍ਹਾਂ ਨੇ ਖਿੰਡੇ ਪੁੰਡੇ ਕਾਗਜ਼ਾਂ ਤੇ ਪੁਰਾਣੀਆਂ ਕਾਤਰਾਂ ਨੂੰ

Digitized by Panjab Digital Library | www.panjabdigilib.org

ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਮਦਦ ਨਾਲ ਜੋੜਿਆ ਤੇ ਜਾਂਚਿਆ। ਰਣਬੀਰ ਸਿੰਘ ਦੀ ਖੋਜ ਪੜਤਾਲ ਸਫਲ ਹੋਈ ਜਦੋਂ ਕੁਝ ਗੁਆਚੀਆਂ ਚੀਜ਼ਾਂ ਲੱਭ ਪਈਆਂ, ਕੁਝ ਪ੍ਰਾਪਤ ਵੀ ਹੋਇਆ, ਜਿਨ੍ਹਾਂ ਵਿਚੋਂ ਇਕ ਮਹਾਰਾਜਾ ਆਲਾ ਸਿੰਘ ਬਾਰੇ ਪੁਸਤਕ ਦਾ ਦੂਜਾ ਭਾਗ ਵਰਨਣਯੋਗ ਹੈ । ਵਿਸ਼ੇਸ ਪ੍ਰਾਪਤੀ ਇਕ ਛੋਟੀ ਜਿਹੀ ਪਰ ਖੋਜ ਭਰੀ 'ਤਵਾਰੀਖ ਸ੍ਰੀ ਅੰਮ੍ਰਿਤਸਰ' ਪੁਸਤਕ ਦੀ ਹੋਈ, ਇਹ ਪੁਸਤਕ ਕੀ ਹੈ ? ਜਿਵੇਂ ਕੂੜੇ ਵਿਚੋਂ ਗੁਆਚੇ, ਲਾਲ ਲੱਭ ਪਏ ਹੋਣ ! ਇਸ ਪੁਸਤਕ ਵਿਚ ਦਰਬਾਰ ਸਾਹਿਬ ਦੀ ਪੁਨਰ ਉਸਾਰੀ, ਸ੍ਰੀ ਅੰਮ੍ਰਿਤਸਰ ਦੇ ਮੁੜ ਵਸਣ ਦੀ ਸਾਮਗਰੀ ਕਈ ਭਾਂਤੀ ਦੇਖੀ ਸੰਭਾਲੀ ਗਈ । ਓਸ ਜ਼ਮਾਨੇ ਦੀਆਂ ਕਈ ਪੁਰਾਣੀਆਂ ਗੱਲਾਂ ਨਵੇਂ ਚਾਨਣ ਵਿਚ ਆਈਆਂ । ਭਾਈ ਦੇਸ ਰਾਜ 'ਸੁਰ ਸਿੰਘ ਵਾਲੇ' ਦੇ ਪਰਵਾਰ ਦੀ ਸਾਖੀ ਬਹੁਤ ਹੀ ਦਰਵੀਭੂਤ ਕਰਨ ਵਾਲੀ ਹੈ । ਭਾਈ ਦੇਸ ਰਾਜ ਨੇ ਦਰਬਾਰ ਸਾਹਿਬ ਦੇ ਬਰੂਦ ਨਾਲ ਢਾਹੇ ਜਾਣ ਪਿੱਛੋਂ, ਮੁੜ ਉਸਾਰੀ ਕਰਨ ਵਿਚ ਜੋ ਸੇਵਾ ਕੀਤੀ ਅਤੇ ਭਾਈ ਚੰਚਲ ਸਿੰਘ ਮੁੱਖ ਗ੍ਰੰਥੀ ਦੀ ਚੋਣ ਦੀ ਅਦਭੁਤ ਗਾਥਾ, ਇਸ ਤਵਾਰੀਖ ਤੋਂ ਇਲਾਵਾ ਹੋਰ ਕਿਸੇ ਲਿਖਤ ਤੇ ਗ੍ਰੰਥ ਵਿਚ ਇਸ ਤਰ੍ਹਾਂ ਨਹੀਂ ਮਿਲਦੀਆਂ, ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਸਰ ਆਉਣ ਤੇ ਉਨ੍ਹਾਂ ਦੇ ਮਕਾਨ(ਗੁਰਦੁਆਰਾ) ਦਾ ਏਥੇ ਹੋਣ ਦੀ ਸੂਚਨਾ, ਸਿੱਖ ਸੰਸਾਰ ਵਿਚ ਖਾਸ ਉਤੇਜਨਾ ਨਾਲ ਸੁਣੀ/ਪੜ੍ਹੀ ਜਾਵੇਗੀ ਕਿਉਂਕਿ ਹੁਣ ਤੱਕ ਇਹ ਸਮਝਿਆ ਜਾਂਦਾ ਹੈ ਕਿ ਦਸਮੇਸ਼ ਅੰਮ੍ਰਿਤਸਰ ਆਏ ਹੀ ਨਹੀਂ ।

ਬੇਸ਼ਕ ਗਿਆਨੀ ਗਿਆਨ ਸਿੰਘ ਜੀ ਦੀ ਤਵਾਰੀਖ ਸ੍ਰੀ ਅੰਮ੍ਰਿਤਸਰ ਵਿੱਚ ਇਤਿਹਾਸਕ ਤੇ ਮੱਧ ਕਾਲੀਨ ਪੁਨਰ ਉਸਾਰੀ ਬਾਰੇ ਭਰਪੂਰ ਸਮੱਗਰੀ ਵੇਰਵੇ ਸਾਹਿਤ ਦਿੱਤੀ ਗਈ ਹੈ, ਉਨ੍ਹਾਂ ਆਪਣੀ ਉਸ ਤਵਾਰੀਖ ਵਿਚ ਵੀ ਬਹੁਮੁੱਲੇ ਹਾਲਾਤ ਲੱਭ ਕੇ ਦਿੱਤੇ ਹਨ, ਜਿਵੇਂ ਗਿਆਨੀ ਗਿਆਨ ਸਿੰਘ ਜੀ ਨੇ ਨਵੇਂ ਵਸੇ, ਅੰਮ੍ਰਿਤਸਰ ਦੇ ਕਟੜਿਆਂ, ਗਲੀਆਂ, ਮੁਹੱਲਿਆਂ, ਡੇਰਿਆਂ, ਧਾਰਮਿਕ ਸਥਾਨਾਂ ਦੇ ਹਾਲ ਲਿਖੇ ਹਨ, ਓਸ ਤਰ੍ਹਾਂ ਦੀ ਮਿਲਦੀ-ਜੁਲਦੀ ਜਾਣਕਾਰੀ ਸ: ਕਰਮ ਸਿੰਘ ਜੀ ਨੇ ਲਿਖੀ ਹੈ । ਪਰ ਇੱਕ ਦੂਜੇ ਨੇ ਕਿਸੇ ਦੀ ਨਕਲ ਨਹੀਂ ਕੀਤੀ, ਜੋ ਕੁਝ ਜਿਸ ਨੂੰ ਮਿਲਿਆ ਉਹ ਸਮੇਂ ਦਾ ਸ਼ੀਸ਼ਾ ਹੈ ।

ਸ੍ਰੀ ਅੰਮ੍ਰਿਤਸਰ ਜਿਸ ਨੂੰ ਅਹਿਮਦਸ਼ਾਹ ਅਬਦਾਲੀ ਨੇ, ਵੱਡੇ ਘੱਲੂਘਾਰੇ ਸਮੇਂ ਸਿੱਖਾਂ ਦਾ ਸਰਵਨਾਸ਼ ਕਰਨ ਦੀ ਵੱਡੀ ਖੁਸ਼ੀ ਮਨਾਈ । ਇਹ ਉਸਦਾ ਛੇਵਾਂ ਹਮਲਾ ਸੀ ਜੋ ਸੰਮਤ 1762 ਵਿਚ ਕੀਤਾ, ਇਸ ਵਾਰੀ ਉਹ ਬੜੀ ਤਿਆਰੀ ਨਾਲ ਤੇ ਇਹ ਇੱਛਿਆ ਧਾਰ ਕੇ ਆਇਆ ਸੀ ਕਿ ਸਿੱਖਾਂ ਦੀ ਸ਼ਾਹੀ ਸ਼ਕਤੀ ਹੀ ਨਹੀਂ ਸਗੋਂ ਹੋਂਦ

Digitized by Panjab Digital Library | www.panjabdigilib.org

ਹੀ ਨਸ਼ਟ ਕਰ ਦੇਣੀ ਹੈ । 18000 ਅਠਾਰਾਂ ਹਜ਼ਾਰ ਅਫਗਾਨ ਬਲੋਚ ਧਾੜਵੀਆਂ ਨੂੰ ਨਾਲ ਲੈ ਕੇ ਲੁੱਟਣ ਚੜ੍ਹਿਆ, ਕੁਤਬੇ ਬਾਹਮਣੀਆਂ ਦੀ ਢਾਬ ਤੱਕ 35 ਹਜ਼ਾਰ ਸਿੰਘਾਂ ਦਾ ਸੰਘਾਰ ਕੀਤਾ ।ਉਸ ਪਿੱਛੋਂ ਵਾਪਸ ਕਾਬਲ ਨੂੰ ਜਾਣ ਸਮੇਂ ਅੰਮ੍ਰਿਤਸਰ ਹਰਿਮੰਦਰ ਨੂੰ ਢਾਹੁਣ ਅਤੇ ਸਰੋਵਰ ਦਾ ਅਪਮਾਨ ਕਰਨਾ ਉਸਦੀ ਦੂਜੀ ਮੰਦੀ ਕਰਤੂਤ ਸੀ । ਅੰਮ੍ਰਿਤਸਰ ਦੇ ਸਰੋਵਰ ਵਿੱਚ ਪਿੰਡਾਂ ਦੇ ਗੰਦ, ਰੂੜੀਆਂ ਦੇ ਕੂੜੇ, ਪਸ਼ੂਆਂਦੇ ਗੋਹੇ, ਮੋਏ ਡੰਗਰਾਂ ਦੀਆਂ ਖੱਲਾਂ ਤੇ ਹੱਡੀਆਂ ਤੇ ਹੋਰ ਗੰਦੀਆਂ ਤੇ ਭੈੜੀਆਂ ਚੀਜ਼ਾਂ ਸਰੋਵਰ ਵਿਚ ਸੁੱਟ ਕੇ ਜੀਅ ਭਰ ਕੇ ਅਪਮਾਨਿਤ ਕੀਤਾ । ਆਸ-ਪਾਸ ਦੇ ਸਾਰੇ ਮਕਾਨ ਢਹਾ ਦਿੱਤੇ, ਸ਼ਹਿਰ ਨੂੰ ਲੁੱਟਿਆ ਤੇ ਤਬਾਹ ਕੀਤਾ ਕੰਮ ਦੀ ਹਰ ਚੀਜ਼ ਲੁਟੇਰਿਆਂ ਨੇ ਲੁੱਟੀ ਵਿਸ਼ੇਸ਼ ਕਰਕੇ ਇਸਤ੍ਰੀਆਂ ਅਤੇ ਨਕਦੀ ।

ਹਰਿਮੰਦਰ ਨੂੰ ਬਰੂਦ ਦੇ ਪਲੀਤੇ ਲਗਾ ਕੇ ਢਾਹਿਆ, ਪਾਵਨ ਮੰਦਰ ਦੀ ਬਿਲਡਿੰਗ ਦੇ ਗੁੰਬਦ, ਕੰਧਾਂ, ਥੰਮ, ਨੀਹਾਂ ਤੱਕ ਉਖੇੜ ਸੁੱਟੀਆਂ, ਅਹਿਮਦਸ਼ਾਹ ਸਭੋ ਕੁਝ ਹੁੰਦਾ ਆਪ ਦੇਖਣ ਲਈ ਸ਼ਹਿਰ ਤੋਂ ਕੁਝ ਦੂਰ ਕੈਂਪ ਲਗਾ ਕੇ, ਆਪਣੀ ਮਨਹੂਸ ਕਾਰਵਾਈ ਕਰਵਾ ਰਿਹਾ ਸੀ । ਸ੍ਰੀ ਹਰਿਮੰਦਰ ਸਾਹਿਬ ਦੀ ਇੱਕ ਇੱਟ ਬਰੂਦ ਦੀ ਸ਼ਕਤੀ ਨਾਲ ਭੁਆਂਟਣੀ ਖਾ ਕੇ, ਅਹਿਮਦਸ਼ਾਹ ਅਬਦਾਲੀ ਦੇ ਨੱਕ ਉਤੇ ਵੱਜੀ ਨੱਕ ਫਿੱਸ ਗਿਆ ਨੱਕ ਵਿੱਚੋਂ ਖੂਨ ਦੀਆਂ ਤਤੀਰੀਆਂ ਚੱਲ ਪਈਆਂ ਜੋ ਬੰਦ ਨਾ ਹੋਈਆਂ ।

ਏਥੇ ਕੋਈ ਇਲਾਜ ਨਾ ਹੋਣ ਕਾਰਨ ਇਕ ਦਮ ਲਾਹੌਰ ਪੁਜਿਆ, ਉਥੇ ਵੀ ਕੋਈ ਉਪਾਉ ਰਾਸ ਨਾ ਆਇਆ, ਛੇਤੀ ਹੀ ਭੱਜ ਕੇ ਕਾਬਲ ਚਲਿਆ ਗਿਆ ਜਿਥੇ ਏਸੇ ਪੀੜਾ ਸਮੇਤ ਦੋਜ਼ਖ ਦਾ ਵਾਸੀ ਬਣਿਆ ।

ਓਧਰ ਖਾਲਸੇ ਨੇ ਝਾੜਾਂ, ਪਹਾੜਾਂ, ਮਾਰੂਥਲਾਂ ਤੋਂ ਨਿਕਲ ਕੇ ਲਾਹੌਰ ਉਤੇ ਕਬਜ਼ਾ ਕਰ ਲਿਆ । ਇਨ੍ਹਾਂ ਹਾਲਾਤਾਂ ਤੋਂ ਸਪਸ਼ਟ ਹੈ, ਅੰਮ੍ਰਿਤਸਰ ਨੂੰ ਅਬਦਾਲੀ ਨੇ ਤਬਾਹ ਕਰ ਦਿੱਤਾ ਸੀ। ਦੂਜੀ ਵਾਰ ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਬਣਿਆ ਤਾਂ ਇਸ ਵਿਚ ਸਿੱਖ ਸਰਦਾਰਾਂ ਨੇ ਇਕ ਦੂਜੇ ਨਾਲੋਂ ਵੱਧ ਚੜ੍ਹ ਕੇ ਯੋਗਦਾਨ ਪਾਇਆ । ਆਪਣੇ ਬਜੁਰਗਾਂ ਅਤੇ ਆਪਣੇ ਜੱਥਿਆਂ ਦੇ ਨਾਮ ਉਪੱਰ ਬੁੰਗੇ ਤੇ ਵੱਖੋ ਵੱਖਰੇ ਕਟੜੇ ਬਣਾਏ, ਜਿਨ੍ਹਾਂ ਵਿਚ, ਕਟੜਾ ਰਾਮ ਗੜ੍ਹੀਆਂ ਵੱਡਾ ਦੱਸਿਆ ਹੈ । ਜਿਸ ਵਿਚ ਸਾਧੂਆਂ ਦੇ ਕਈ ਵੱਡੇ ਡੇਰੇ ਵੀ ਆ ਗਏ ਸਨ। ਅੰਮ੍ਰਿਤਸਰ ਦੀ ਨਵ-ਉਸਾਰੀ ਦੇ ਹਾਲਾਤ ਏਨ੍ਹਾਂ ਦੋਵਾਂ ਤਵਾਰੀਖਾਂ ਵਿਚ ਵੇਰਵੇ ਤੇ ਖੋਜ ਨਾਲ ਲਿਖੇ ਮਿਲਦੇ ਹਨ ।

ਸ: ਕਰਮ ਸਿੰਘ ਜੀ ਲਿਖਤ 'ਤਵਾਰੀਖ ਸ੍ਰੀ ਅੰਮ੍ਰਿਤਸਰ' ਹੋਰ ਇਤਿਹਾਸਕ ਗ੍ਰੰਥਾਂ ਤੋਂ ਵਿਸ਼ੇਸ਼ ਹੈ, ਦਸਮੇਸ਼ ਜੀ ਦੇ ਅੰਮ੍ਰਿਤਸਰ ਆਉਣ ਦਾ ਸਥਾਨ, ਨਵੇਂ ਸਿਰਿਓਂ

Digitized by Panjab Digital Library | www.panjabdigilib.org

ਬਣਾਏ ਸ਼ਹਿਰ ਦੇ ਕੌਲਸਰ ਪਾਸ ਹਿੰਮਤੀ ਮਹੰਤ ਭਾਈ ਗੁਰਦਿੱਤ ਸਿੰਘ ਨੇ ਠੀਕ ਠਾਕ ਕਰਵਾ ਲਿਆ ਸੀ, ਜਿਸ ਸਥਾਨ ਦਾ ਕਰਮ ਸਿੰਘ ਨੇ ਵਰਨਣ ਕੀਤਾ ਹੈ। ਮਹੰਤ ਜੀ ਨੇ ਸ: ਕਰਮ ਸਿੰਘ ਨੂੰ ਜੋ ਕੁਝ ਦੱਸਿਆ ਉਨ੍ਹਾਂ ਨੇ ਉਹ ਲਿੱਖ ਦਿੱਤਾ। ਇਹ ਸਥਾਨ ਕਟੜਾ ਦਲ ਸਿੰਘ ਵਿੱਚ ਹੈ ਸੀ, ਇਸਦੀ ਪੂਰਕ ਸੂਚਨਾ ਗੁਰਦੁਆਰਿਆਂ ਦੀ ਲਿਸਟ ਵਿਚ ਵੀ ਦਿੱਤੀ ਹੈ, ਜਿਸ ਤੋਂ ਇਸ ਸੂਚਨਾਂ ਦੀ ਪੁਸ਼ਟੀ ਹੁੰਦੀ ਹੈ, 'ਮਹੰਤ ਦੀ ਦੱਸੀ ਰਵਾਇਤ ਤੋਂ ਪਤਾ ਚੱਲਦਾ ਹੈ ਕਿ ਸੰਮਤ 1752 ਵਿਚ ਦਸਮੇਸ਼ ਜੀ ਏਥੇ ਅੰਮ੍ਰਿਤਸਰ ਆਏ ਸਨ।

ਗੁਰਦੁਆਰਿਆਂ ਦੀ ਲੜੀ ਵਿਚ ਦਸਮੇਸ਼ ਜੀ ਦੇ ਮਕਾਨ ਦੀ ਸੂਚਨਾ ਇਨ੍ਹਾਂ ਸ਼ਬਦਾਂ ਵਿੱਚ ਲਿਖੀ ਹੈ :-

(ੳ) ਸਥਾਨ ਗੁਰੂ ਗੋਬਿੰਦ ਸਿੰਘ, ਕਟੜਾ ਦਲ ਸਿੰਘ ਕੌਲਸਰ ਕੰਢੇ ਜੋ ਸੰਮਤ 1752 ਵਿਚ ਏਥੇ ਆਏ। (ਮਹੰਤ ਗੁਰਦਿਤ ਸਿੰਘ)। (ਸਫਾ 73 ਤਵਾਰੀਖ ਅੰਮ੍ਰਿਤਸਰ)

(ਅ) ਗੁਰੂ ਜੀ ਦੇ ਮਕਾਨ ਵਿਚ ਜੋ ਸੇਵਕ ਰਹਿੰਦਾ ਸੀ, ਉਨ੍ਹਾ ਦੇ ਵੱਡਾ ਭਾਈ, ਮੀਹਾਂ ਜੀ ਗੁਰੂ ਤੇਗ ਬਹਾਦਰ ਜੀ ਦਾ ਚਾਕਰ ਸੀ। ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਇਕ ਲੋਹ ਅਤੇ ਨਗਾਰਾ ਬਖਸ਼ ਕੇ, ਹੁਕਮ ਕੀਤਾ ਸੀ ਕਿ, 'ਲੰਗਰ ਚਲਾਓ, ਸਿੱਖੀ ਵਧਾਓ'। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਲੋਹ ਤੇ ਨਗਾਰਾ ਓਸ ਤੋਂ ਕਿਸੇ ਕਾਰਨ ਖੋਹ ਲਏ, ਉਸ (ਸੇਵਕ ਗੁਰਦਿੱਤ ਸਿੰਘ) ਨੇ ਏਸ ਘਟਨਾ ਬਾਰੇ ਦੱਸਿਆ - ਉਹ ਸੇਵਕ ਹੋਰ ਵੀ ਖੁਸ਼ ਹੋਇਆ ਅਤੇ ਇਕ ਬਚਨ ਪੜ੍ਹਿਆ :-

ਜਿਸਕੀ ਬਸਤ ਤਿਸ ਆਗੈ ਰਾਖੈ।<br>
ਪ੍ਰਭ ਕੀ ਆਗਿਆ ਮਾਨੈ ਮਾਥੈ ॥

ਇਸ ਪਰ ਗੁਰੂ ਜੀ ਨੇ ਖੁਸ਼ ਹੋ ਕੇ ਆਪਣੀ ਸੀਸ ਉਤੇ ਬੰਨੀ ਦਸਤਾਰ, ਨਗਾਰਾ, ਇਕ ਸ਼ਮਸ਼ੀਰ ਅਤੇ ਇਕ ਗ੍ਰੰਥ ਸਾਹਿਬ ਬਖਸ਼ਿਆ, ਮੀਹਾਂ ਸਾਹਿਬ ਦਾ ਖਿਤਾਬ ਦਿੱਤਾ। (ਸਫਾ 72 ਤਵਾਰੀਖ ਸ੍ਰੀ ਅੰਮ੍ਰਿਤਸਰ)

ਤਵਾਰੀਖ ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ, ਕਾਲੇਕਿਆਂ ਦੇ ਸਰਦਾਰ ਦੇ ਇੱਕ ਨੌਕਰ ਨੇ ਆਪਣੇ ਮਾਲਕ ਸਰਦਾਰ ਦਲ ਸਿੰਘ ਦੇ ਨਾਮ ਤੇ 'ਕਟੜਾ ਦਲ ਸਿੰਘ' ਬਣਾਇਆ ਸੀ, ਜਿਸਨੂੰ ਉਸ ਦੇ ਮਰਨ ਪਿੱਛੋਂ ਉਸ ਦੀ ਧੰਨ ਦੌਲਤ ਪ੍ਰਾਪਤ ਹੋਈ ਸਫਲੀ ਕੀਤੀ। ਸ: ਕਰਮ ਸਿੰਘ ਨੇ ਜਦੋਂ ਇਹ ਥਾਂ ਦੇਖੀ ਉਸ ਵੇਲੇ ਕਟੜੇ ਬਣੇ ਹੋਏ ਸਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਰੌਣਕਾਂ ਲਗਾ

Digitized by Panjab Digital Library | www.panjabdigilib.org

ਦਿੱਤੀਆਂ ਸਨ । ਅੰਗਰੇਜ਼ੀ ਰਾਜ ਆ ਚੁੱਕਾ ਸੀ ਉਦੋਂ ਸਥਾਨ ਦੇ ਪੁਜਾਰੀ ਗੁਰਦਿੱਤ ਸਿੰਘ ਜੀ ਨੂੰ ਆਪ ਜੀ ਮਿਲੇ ਤੇ ਜਾਣਕਾਰੀ ਪ੍ਰਾਪਤ ਕੀਤੀ । ਇਹ ਦੋਵੇਂ ਸੂਚਨਾਵਾਂ ਜਿਵੇਂ ਕਿਹਾ ਜਾਂਦਾ ਹੈ ਸਾਡੀ ਮੁਹਾਵਰੇਦਾਰ ਸੋਚ ਨੂੰ ਮੋੜਾ ਦੇ ਦੇਣ ਵਾਲੀਆਂ ਹਨ । ਜੋ ਹੁਣ ਤੱਕ ਪ੍ਰਚਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤਸਰ ਤੇ ਮਾਝੇ ਵਿਚ ਆਏ ਹੀ ਨਹੀਂ ।

ਇਹ ਸੂਚਨਾ ਖੋਜਣ ਤੇ ਲਿਖਣ ਸਮੇਂ ਕਿਸੇ ਤਰ੍ਹਾਂ ਦੀ ਇਲਾਕਾਈ ਖਿਚ ਪਾੜ ਅਤੇ ਵਾਦ-ਵਿਵਾਦ ਨਹੀਂ, ਨਾ ਹੀ ਇਹ ਲਾਲਚ ਹੈ ਕਿ ਦਸਮੇਸ਼ ਜੀ ਦਾ ਅੰਮ੍ਰਿਤਸਰ ਆਉਣਾ ਕਿਸੇ ਪ੍ਰਯੋਜਨ ਦੇ ਪਿਛੋਕੜ ਨਾਲ ਜੋੜਿਆ ਜਾਵੇ । ਸ: ਕਰਮ ਸਿੰਘ ਜੀ ਨੇ ਜੋ ਕੁਝ ਖੋਜਿਆ ਅਤੇ ਪਾਇਆ ਬਿਨਾਂ ਕਿਸੇ ਕਿਸਮ ਦੇ ਪੜੇਥਣ ਅਤੇ ਮਿਰਚ ਮਸਾਲੇ ਦੇ ਲਾਇਆਂ ਲਿੱਖ ਦਿੱਤਾ ਹੈ ।

ਅੰਮ੍ਰਿਤਸਰ ਨੂੰ ਮੁੜ ਵਸਾਉਣ ਲਈ ਸਿੱਖ ਸਰਦਾਰਾਂ ਨੇ ਵਿਤੋਂ ਵੱਧ ਕੇ ਇਸ ਦੀ ਪੁਨਰ ਉਸਾਰੀ ਦੇ ਕੰਮ ਵਿਚ ਹਿੱਸਾ ਪਾਇਆ । ਜਿਸਦੇ ਵੇਰਵੇ ਇਸ ਤਵਾਰੀਖ ਵਿਚ ਦਰਜ ਹਨ । ਸਿੱਖ ਸਰਦਾਰਾਂ ਤੋਂ ਜੋ ਦਿਨ ਰਾਤ ਮਾਇਆ ਆਉਂਦੀ ਸੀ, ਸਿੰਘਾਂ ਦੇ ਦਲ ਧੰਨ ਲੈ ਕੇ ਪੁਜਦੇ ਸਨ । ਇਸ ਤਰ੍ਹਾਂ ਲੱਖਾਂ ਰੁਪਏ ਭਾਈ ਦੇਸ ਰਾਜ ਪਾਸ ਜਮ੍ਹਾਂ ਸਨ । ਇਸ ਹਾਲਤ ਵਿਚ ਜਦੋਂ ਉਨ੍ਹਾਂ ਦਾ ਘਰ ਚਾਂਦੀ ਦੇ ਰੁਪਇਆਂ, ਸੋਨੇ ਦੀਆਂ ਮੋਹਰਾਂ ਦੀਆਂ ਥੈਲੀਆਂ ਅਤੇ ਬੋਰੀਆਂ ਨਾਲ ਭਰਿਆ ਪਿਆ ਸੀ, ਦੇਸ ਰਾਜ ਜੀ ਦੀ ਪਤਨੀ ਮਾਈ ਰੱਜੀ ਆਪਣੇ ਘਰ ਦੇ ਬਾਹਰਲੇ ਪਾਸੇ ਇਕ ਕੋਨੇ ਵਿਚ ਅਪਣੀ ਧੀ ਨਾਲ ਬੈਠ ਕੇ ਚੱਕੀ ਪੀਂਹਦੀ । ਆਟਾ ਪੀਹ ਕੇ ਉਸ ਮਜ਼ਦੂਰੀ ਦੀ ਕੌਡੀ, ਦਮੜੀ ਦੀ ਸੰਭਾਲ ਕਰਦੀਆਂ । ਪਿੱਛੋਂ ਜਦੋਂ ਕੁਝ ਪੂੰਜੀ ਜੁੜ ਗਈ ਉਸ ਨਾਲ ਇੱਕ ਛੋਟਾ ਜਿਹਾ ਵਖਰਾ ਗੁਰਦੁਆਰਾ(ਬੁੰਗਾ) ਬਣਾਇਆ । ਜਿਸ ਨੂੰ ਪੜ੍ਹ ਕੇ ਮੂੰਹੋਂ ਨਿਕਲਦਾ ਹੈ ਧੰਨ ਭਾਈ ਦੇਸ ਰਾਜ ਤੇ ਧੰਨ ਉਸਦੀ ਪਤਨੀ ਤੇ ਪਰਵਾਰ ।

ਇਹ ਸਮਾਂ ਸਿੱਖੀ ਦੀ ਪਨੀਰੀ ਦੇ ਮੁੜ ਪ੍ਰਫੁਲਤ ਹੋਣ ਦਾ ਸੀ, ਧਿਆਨ ਦੇ ਕੇ ਦੇਖਿਆ ਜਾਵੇ ਇਹੋ ਜਿਹੇ ਸੱਚੇ ਜਗਿਆਸੂ ਗੁਰੂ ਘਰ ਦੇ ਸ਼ਰਧਾਲੂ ਹੀ ਸਨ । ਜਿਨ੍ਹਾਂ ਨੇ ਸਿੱਖੀ ਨੂੰ ਹਰੀ-ਭਰੀ ਰੱਖਣ ਲਈ ਘਾਲਣਾ ਘਾਲੀਆਂ ।

ਸਾਡੇ ਤਪਦੇ ਹਿਰਦਿਆਂ ਨੂੰ ਠਾਰਨ ਵਾਲੀ ਇਸ ਸਮੇਂ ਦੀ ਇਕ ਗਾਥਾ ਹੈ, 'ਭਾਈ ਚੰਚਲ ਸਿੰਘ ਨਾਈ' ਦੀ । ਇਹ ਕੁਝ ਪਿੱਛੋਂ ਦੀ ਗੱਲ ਹੈ ਜਦੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਉਸਾਰ ਲਿਆ ਗਿਆ ਸੀ । ਸਵਾਲ ਪੈਦਾ ਹੋਇਆ ਸ੍ਰੀ ਹਰਿਮੰਦਰ ਸਾਹਿਬ ਵਿਚ, ਗੁਰੂ ਗ੍ਰੰਥ ਸਾਹਿਬ ਦੀ ਪੂਜਾ ਅਰਚਾ ਤੇ ਪਾਠ ਕਰਨ ਵਾਲਾ ਸਿੱਖ ਜਾਂ ਸੰਤ ਕੋਈ ਹੈ ? ਟੋਲ ਭਾਲ ਕਰਕੇ ਇਕ ਉਦਾਸੀ ਸਾਧੂ ਗਵਾਲ ਦਾਸ ਲੱਭ ਗਿਆ ਤੇ

Digitized by Panjab Digital Library | www.panjabdigilib.org

ਹਰਿਮੰਦਰ ਸਾਹਿਬ ਦੀ ਸੇਵਾ ਤੇ ਮੁੱਖ ਪ੍ਰਬੰਧਕ ਦੀ ਜਿੰਮੇਵਾਰੀ ਲਗਾਈ। ਇੱਕ ਵਰ੍ਹਾ ਕੁ ਭਰ ਸੇਵਾ ਕਰਨ ਪਿੱਛੋਂ ਉਸ ਸਾਧੂ ਦਾ ਤੌਰ ਤਰੀਕਾ ਵਿਗੜ ਗਿਆ। ਹਰ ਮਹੀਨੇ ਤਿੱਥ ਤਿਉਹਾਰ ਨੂੰ ਆਉਣਾ, ਚੜ੍ਹਤ ਭੇਟ ਸੰਭਾਲਣੀ, ਉਥੋਂ ਦੇ ਹਿੱਸੇਦਾਰਾਂ ਦੀ ਬਣਦੀ ਦੇ ਕੇ ਬਾਕੀ ਪਿੰਡ ਨੂੰ ਲੈ ਜਾਣੀ ਅਤੇ ਆਪਣੇ ਘਰ ਜਾ ਬੈਠਣਾ।

ਸਾਰੇ ਸਿੰਘਾਂ ਨੇ ਇਕੱਤਰ ਹੋ ਕੇ ਇਹ ਮਸਲਾ ਵਿਚਾਰਿਆ। ਸਾਨੂੰ ਤਾਂ ਹਰ ਸਮੇਂ ਦਰਬਾਰ ਸਾਹਿਬ ਦਾ ਪ੍ਰਬੰਧਕ ਹਾਜ਼ਰ ਚਾਹੀਦਾ ਹੈ। ਇਕ ਮਹਾਤਮਾ ਭਾਈ 'ਚੰਚਲ ਸਿੰਘ ਨਾਈ' ਯੋਗ ਸਮਝੇ ਗਏ। ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਦਾ ਅਭਿਆਸ ਸੀ ਅਤੇ ਚੰਗੇ ਵਿਦਵਾਨ ਸਨ। ਸਭਨਾਂ ਨੇ ਮਿਲਵਾਂ ਫੈਸਲਾ ਕਰਕੇ ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਮੁਖੀ ਨਿਯਤ ਕੀਤਾ।

'ਉਸ ਗੁਰਮੁਖ ਪਿਆਰੇ ਨੇ ਪੰਥ ਵਲੋਂ ਇਸ ਮਾਣ ਸਤਿਕਾਰ ਨੂੰ ਅਦੁੱਤੀ ਨਿਰਮਾਣਤਾ ਨਾਲ ਸੰਭਾਲਿਆ, ਤਵਾਰੀਖ ਵਿਚ ਲਿਖਿਆ ਹੈ :-

'ਪੰਥ ਖਾਲਸਾ ਨੇ ਇਕ ਸਲਾਹ ਹੋ ਕੇ ਚੰਚਲ ਸਿੰਘ ਨਾਈ, ਜੋ ਚੰਗਾ ਲਾਇਕ ਮਹਾਤਮਾ ਸੀ 'ਗ੍ਰੰਥੀ' ਥਾਪਿਆ। ਇਸ ਉਚੇ ਅਹੁਦੇ ਤੇ ਹੁੰਦਿਆਂ ਵੀ, ਉਸਨੇ ਅਪਣੇ ਹੱਥ ਸੂਈ ਧਾਗਾ ਤੇ ਨਹੇਰਨਾ, ਇਕ ਝਾਵਾਂ, ਇਹ ਚਾਰੇ ਚੀਜ਼ਾਂ ਨਾਲ ਰੱਖਣੀਆਂ ਸੰਗਤਾਂ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦਾ ਸੀ। ਜਿੰਨੀ ਪੂਜਾ ਭੇਟ ਆਉਂਦੀ ਆਏ ਬਿਹਿੰਗਮਾ ਦੀ ਰੋਟੀ ਕੱਪੜੇ ਉਤੇ ਖਰਚ ਕਰ ਦਿੰਦਾ। ਕਿੱਥੋਂ ਲੱਭਣੇ ਹਨ ਇਹੋ ਜਿਹੇ ਗੁਰਮੁਖ ਪਿਆਰੇ ਤੇ ਧਰਮ ਦੇ ਸੱਚੇ ਸੇਵਕ। (ਸਫਾ - 35)

ਇਹ ਪੁਨਰ ਸਥਾਪਤੀ ਦੀ ਸੇਵਾ 1844 ਤੱਕ ਹੋਈ। 1857 ਦੇ ਗ਼ਦਰ ਸਮੇਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਨਵਾਂ ਨਵਾਂ ਅੰਗਰੇਜ਼ ਕੂਪਰ ਲੱਗਿਆ, ਉਸ ਨੇ ਹਰਿਮੰਦਰ ਸਾਹਿਬ ਆ ਕੇ ਪੁਜਾਰੀਆਂ ਨੂੰ ਕਿਹਾ ਕਿ ਮੈਨੂੰ ਸਿੱਖ ਬਣਾਉ ਤੇ ਪਾਹੁਲ ਦੇਵੋ। ਪੁਜਾਰੀਆਂ ਨੇ ਇਹ ਗੱਲ ਝੱਟ ਮੰਨ ਲਈ ਤੇ ਪਾਹੁਲ ਛਕਾ ਦਿੱਤੀ। ਕੂਪਰ ਨੇ ਕਿਹਾ ਮੈਂ ਹੁਣ ਸਿੱਖ ਬਣ ਗਿਆ ਹਾਂ ਮੈਂ ਸੁੱਖ ਸੁੱਖਦਾ ਹਾਂ ਕਿ 1857 ਦੇ ਜੰਗ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਵੇ ਤਾਂ ਦਰਬਾਰ ਸਾਹਿਬ ਕਈ ਚੀਜ਼ਾਂ ਚੜ੍ਹਾਂਵਾਂਗਾ।ਅੰਗਰੇਜ਼ਾਂ ਦੇ ਜੰਗ ਜਿੱਤਣ ਪਿੱਛੋਂ ਅੰਗਰੇਜ਼ ਸਿੱਖ ਨੇ ਕੁਝ ਅਜੀਬ ਤਰੀਕੇ ਨਾਲ ਸੁੱਖਣਾ ਚੜ੍ਹਾਈਆਂ। ਇੱਧਰੋਂ-ਉਧਰੋਂ ਚੁੱਕ ਚੁਕਾ ਕੇ ਤੇ ਕੁਝ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂਦਰੀ ਦੀਆਂ ਚੀਜਾਂ ਲਿਆ ਕੇ ਹਰਿਮੰਦਰ ਸਾਹਿਬ ਲਗਾ ਦਿੱਤੀਆਂ ਤੇ ਆਪਣੀ ਸੁੱਖਣਾ ਉਤਾਰਨ ਦਾ ਸੁੱਖ ਮਾਣਿਆਂ। ਬਲਿਹਾਰ ਜਾਈਏ ਇਸ ਵਲਾਇਤੀ ਸਿਦਕ ਦੇ।

ਏਸ 'ਤਵਾਰੀਖ ਸ੍ਰੀ ਅੰਮ੍ਰਿਤਸਰ' ਵਿਚ, ਸ: ਕਰਮ ਸਿੰਘ ਨੇ ਇਸ ਤਰ੍ਹਾਂ

Digitized by Panjab Digital Library | www.panjabdigilib.org

ਦੀਆਂ ਕਈ ਗੱਲਾਂ ਸਾਹਮਣੇ ਲਿਆਦੀਆਂ ਹਨ ਜਿਸ ਕਰਕੇ ਇਹ ਛੋਟੀ ਜਿਹੀ ਪੁਸਤਕ ਵੱਡੀ ਮਹੱਤਤਾ ਭਰੀ ਹੈ ।

ਜਾਪਦਾ ਹੈ ਇਹ ਪੁਸਤਕ ਸ: ਕਰਮ ਸਿੰਘ ਜੀ ਦੀ ਆਰੰਭਕ ਸਮੇਂ ਦੀ ਰਚਨਾ ਹੈ ਜਦੋਂ ਕਿ ਹਾਲਾਂ ਲਿਖਣਾ ਅਰੰਭਿਆ ਸੀ, ਉਸ ਸਮੇਂ ਪੁਸਤਕ ਵਿਚ ਵਰਤੀ ਗਈ ਫਾਰਸੀ ਤੇ ਉਰਦੂ ਭਾਸ਼ਾ ਦੀ ਬਹੁਲਤਾ ਇਸ ਗੱਲ ਦਾ ਸੰਕੇਤ ਕਰਦੀ ਹੈ । ਪਿੱਛੋਂ ਜਾ ਕੇ ਉਨ੍ਹਾਂ ਨੇ ਅਜਿਹੀ ਭਰਵੀਂ ਤੇ ਸੁੰਦਰ ਪੰਜਾਬੀ ਲਿਖੀ ਜਿਸਨੂੰ ਨਮੂਨੇ ਵਜੋਂ ਪੇਸ਼ ਕੀਤਾ ਜਾਂਦਾ ਹੈ ।

ਸ: ਕਰਮ ਸਿੰਘ ਤਰਨਤਾਰਨ ਪਾਸ ਵਸਦੇ ਪਿੰਡ ਝਬਾਲ ਦੇ ਵਸਨੀਕ ਸਨ ਪ੍ਰੰਤੂ ਉਨ੍ਹਾਂ ਦਾ ਜਨਮ ਪਿੰਡ 'ਵਾੜੇ ਪਹੂਵਿੰਡ' ਵਿਚ 9 ਚੇਤ ਸੰਮਤ 1884 ਨੂੰ ਹੋਇਆ । ਇਹ ਤੱਥ ਉਨ੍ਹਾਂ ਨੇ ਆਪਣੀ ਡਾਇਰੀ ਵਿੱਚ ਆਪ ਲਿਖਿਆ ਹੈ । ਇਹ ਪਿੰਡ ਜ਼ੀਰਾ ਦੇ ਪਾਸ ਹੈ । ਉਨ੍ਹਾਂ ਦੇ ਪਿਤਾ ਦਾ ਨਾਮ ਝੰਡਾ ਸਿੰਘ ਸੀ ਜੋ ਫੌਜ ਵਿੱਚ ਨੌਕਰੀ ਕਰਕੇ ਪਿੱਛੋਂ ਪੈਨਸ਼ਨ ਤੇ ਆਏ ਦੋ ਮੁਰੱਬੇ ਵੀ ਉਨ੍ਹਾਂ ਨੂੰ ਮਿਲੇ ਸੀ । ਕਰਮ ਸਿੰਘ ਦਾ ਅਰੰਭਕ ਬਚਪਨ ਨਾਨਕੇ ਪਿੰਡ ਲੰਘਿਆ।.ਜਿੱਥੇ ਉਨ੍ਹਾਂ ਤੇ ਕੁਝ ਭੈੜੇ ਰੋਗਾਂ ਨੇ ਬਚਪਨ ਵਿਚ ਹੀ ਹੱਲਾ ਬੋਲ ਦਿੱਤਾ ਸੀ । ਪੋਲੀਓ ਦੀ ਭੈੜੀ ਬਿਮਾਰੀ ਕਾਰਨ ਇੱਕ ਲੱਤ ਛੋਟੀ ਹੋ ਗਈ ਸੀ । ਜਿਸ ਕਾਰਨ ਨਾਨਕੇ ਪਿੰਡ ਦੇ ਮੁੰਡੇ ਉਸ ਪ੍ਰਤੀ ਕੋਝੇ ਲਫਜ਼ ਵਰਤਣ ਲੱਗ ਪਏ । ਪ੍ਰੰਤੂ ਉਨ੍ਹਾਂ ਦਾ ਮਾਮਾ ਫੂਲਾ ਸਿੰਘ ਜ਼ਬਰਦਸਤ ਹਸਤੀ ਸੀ ਜਿਸਦੇ ਭੈ ਤੇ ਪ੍ਰਭਾਵ ਨੇ, ਸਭਨਾਂ ਦੇ ਮੂੰਹ ਠਾਕ ਦਿੱਤੇ ।

ਬਚਪਨ ਵਿੱਚ ਕਰਮ ਸਿੰਘ ਨੂੰ 'ਮਰ੍ਹਾਜ ਸਿੰਘ' ਕਿਹਾ ਜਾਂਦਾ ਸੀ ਜਿਸ ਦਾ ਦੂਜਾ ਨਾਮ ਮਹਾਰਾਜ ਸਿੰਘ ਪ੍ਰਚਲਿੱਤ ਹੋਇਆ । ਬਚਪਨ ਵਿੱਚ ਝਬਾਲ ਪੁੱਜੇ ਤਾਂ ਉੱਥੇ ਇੱਕ ਅਨੋਖੀ ਗੱਲ ਹੋਈ, ਪਰਿਵਾਰ ਦੇ ਕੁਝ ਬੰਦਿਆਂ ਨੇ ਜ਼ੋਰ ਪਾਇਆ ਕਿ ਇਸ ਬੱਚੇ ਦੀ ਲੱਤ ਛੋਟੀ ਠੀਕ ਹੋ ਸਕਦੀ ਹੈ । ਵੱਡੇ ਬਜੁਰਗ ਨੂੰ ਦੱਸਿਆ ਗਿਆ ਕਿ ਇਥੋਂ ਦਾ ਇਕ ਨਾਈ ਪੰਜ ਰੁਪਏ ਲੈ ਕੇ ਇਹ ਲੱਤ ਠੀਕ ਕਰ ਦੇਵੇਗਾ ਤਾਂ ਵੱਡੇ ਬਜੁਰਗ ਨੇ ਫੁਰਮਾਇਆ ਕਿ ਪੰਜ ਰੁਪਏ ਦਾ ਤਾਂ ਮੁੰਡਾ ਨਹੀਂ ।

ਇਹ ਹਾਲਾਤ ਉਨ੍ਹਾਂ ਆਪ ਲਿਖੇ ਹਨ, ਕੁਦਰਤ ਦੇ ਖੇਲ੍ਹ, ਕੀ ਪਤਾ ਸੀ ਇਹੋ ਮੁੰਡਾ ਕਰਮ ਸਿੰਘ ਅਜਿਹਾ ਗੁਣਵੰਤ ਬਣੇਗਾ ਕਿ ਇਸ ਉੱਤੋਂ ਵੱਡੇ ਵੱਡੇ ਸਿਆਣੇ ਆਪਣੀਆਂ ਸ਼ਰਧਾ ਘੋਲ ਘੁਮਾਉਂਦੇ ਹੋਏ, ਉਸ ਦੇ ਪੈਰ ਧੋਣਗੇ ।

ਕਰਮ ਸਿੰਘ ਨੇ ਝਬਾਲ ਪਿੰਡ ਆ ਕੇ ਸਕੂਲ ਦੀ ਮੁਢਲੀ ਪੜ੍ਹਾਈ ਸ਼ੁਰੂ ਕੀਤੀ, ਫਿਰ ਤਰਨਤਾਰਨ, ਉਸ ਪਿੱਛੋਂ ਅੰਮ੍ਰਿਤਸਰ ਖਾਲਸਾ ਕਾਲਜ ਦੇ ਸਕੂਲ ਵਿੱਚ ਦਸਵੀਂ ਪਾਸ ਕਰਕੇ ਕਾਲਜ ਵਿੱਚ ਐਫ. ਐਸ. ਸੀ. ਲਈ ਦਾਖਲ ਹੋਏ ।

Digitized by Panjab Digital Library | www.panjabdigilib.org

ਆਪਦੇ ਕਾਲਜ ਵਿਚ ਪੜ੍ਹਦੇ ਸਮੇਂ ਹੀ ਖਾਲਸਾ ਕਾਲਜ ਵਿਚ ਅੰਮ੍ਰਿਤ ਪ੍ਰਚਾਰ ਹੋਇਆ ਜਿਸ ਵਿੱਚ ਆਪਨੇ ਸੰਤ ਅਤਰ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਆਪ ਦਾ ਨਾਮ ਸੰਤ ਜੀ ਨੇ ਮਰ੍ਹਾਜ ਸਿੰਘ ਤੋਂ ਬਦਲ ਕੇ ਕਰਮ ਸਿੰਘ ਰੱਖਿਆ । ਉਸ ਸਮੇਂ ਦਸਵੀਂ ਪਾਸ ਨੂੰ ਚੰਗਾ ਪੜ੍ਹਿਆ ਲਿਖਿਆ ਸਮਝਿਆ ਜਾਂਦਾ ਸੀ। ਉਹ ਪੜ੍ਹਾਈ ਹੁੰਦੀ ਹੀ ਅਜਿਹੀ ਸੀ, ਪੜ੍ਹਨ ਵਾਲਾ ਅਕਲਮੰਦ ਤੇ ਜ਼ਿੰਮੇਵਾਰ 'ਬੰਦਾ' ਬਣ ਜਾਂਦਾ ਸੀ । ਅੰਗਰੇਜ਼ੀ, ਉਰਦੂ, ਫਾਰਸੀ ਅਤੇ ਸੰਸਕ੍ਰਿਤ ਦੀ ਕਰਮ ਸਿੰਘ ਨੂੰ ਲਿਖਣ ਪੜ੍ਹਣ ਦੀ ਚੰਗੀ ਜਾਣਕਾਰੀ ਸੀ । ਜ਼ਮਾਨਾ ਸਿੱਖੀ ਦੀ ਪੁਨਰ ਜਾਗ੍ਰਤੀ ਦਾ ਸੀ, ਸਿੰਘ ਸਭਾ ਲਹਿਰ ਦੇ ਨਿਸ਼ਕਾਮ ਸੇਵਕਾਂ ਦੀ ਪਹਿਲੀ ਪੀੜ੍ਹੀ ਪੰਥ ਜਗਾਵੇਂ ਲਈ ਉੱਚੀ ਪੱਧਰ ਦੇ ਪੂਰਨੇ ਪਾ ਕੇ ਸੇਵਾ ਦਾ ਰਾਹ ਪੱਧਰਾ ਕਰ ਦਿੱਤਾ। ਉਨ੍ਹਾਂ ਨੇ ਪੰਥ ਸੇਵਾ ਦੇ ਮਾਰਗ ਨੂੰ ਆਕਰਸ਼ਕ ਬਣਾ ਦਿੱਤਾ ਸੀ। ਨਿਸ਼ਕਾਮ ਸੇਵਾ ਸਿੱਖੀ ਲਈ, ਕੁਦਰਤੀ ਕਰਤੱਵ ਦਾ ਰੂਪ ਧਾਰਨ ਕਰ ਚੁੱਕੀ ਸੀ, ਸਿੱਖ ਕੀ ਹੋਇਆ ਜੋ ਗਰਜਾਂ ਤੇ ਦਿਖਾਵੇ ਲਈ ਕੁਝ ਕਰੇ । ਇਹ ਮਾਨਤਾ ਪ੍ਰਧਾਨ ਸੀ, ਕਿਸੇ ਵਿਸ਼ੇਸ਼ ਕਾਜ ਤੇ ਮਿਸ਼ਨ ਲਈ ਆਪਣੇ ਆਪ ਨੂੰ ਸਮਰਪਿਤ ਕਰਨਾ ਉਸ ਜ਼ਮਾਨੇ ਦੇ ਕੌਮੀ ਪ੍ਰਵਾਨਿਆਂ ਸਾਹਮਣੇ ਇੱਕ ਮੱਚ ਰਹੀ ਜੋਤੀ ਸੀ । ਸਿੱਖ ਨੌਜਵਾਨਾਂ ਵਿੱਚ ਕੁਝ ਕਰਨ ਦੀ ਭਾਵਨਾ ਕੰਮ ਕਰਦੀ ਸੀ । ਜਿਨ੍ਹਾਂ ਵਿਚੋਂ ਖਾਲਸਾ ਕਾਲਜ ਦੇ 4 ਵਿਦਿਆਰਥੀਆਂ ਨੇ ਪੰਥ ਸੇਵਾ ਨੂੰ ਨਿਸ਼ਾਨਾ ਬਣਾ ਕੇ ਜੀਵਨ ਜਿਉਣ ਦਾ ਆਦਰਸ਼ ਰੱਖਿਆ। ਇਹ ਨੌਜਵਾਨ ਸਨ : ਅਮਰ ਸਿੰਘ 'ਵਾਸੂ', ਈਸ਼ਰ ਸਿੰਘ (ਮਾਸਟਰ), ਗੁਰਮੁਖ ਸਿੰਘ ਅਤੇ ਕਰਮ ਸਿੰਘ । ਉਂਝ ਉਸ ਵੇਲੇ, ਕੌਮੀ ਕੰਮਾਂ ਲਈ ਜੀਵਨ ਅਰਪਨ ਕਰਨ ਦੀ ਲਹਿਰ ਵੀ ਉਭਰੀ ਹੋਈ ਸੀ । ਸ: ਕਰਮ ਸਿੰਘ ਨੇ ਆਪਣੇ ਆਪ ਨੂੰ ਸਿੱਖ ਇਤਿਹਾਸ ਦੀ ਖੋਜ ਪੜਤਾਲ ਲਈ ਸਮਰਪਣ ਕੀਤਾ । ਇਤਿਹਾਸ ਵੀ ਉਹ ਜਿਨ੍ਹਾਂ ਨੇ ਕੁੱਝ ਦੇਖਿਆ ਸੁਣਿਆ ਹੋਵੇ ਜਾਂ ਪੱਕੀਆਂ ਗਵਾਹੀਆਂ ਮਿਲਣ, ਉਨ੍ਹਾਂ ਕਾਗਜ਼ਾਂ, ਵਿਅਕਤੀਆਂ ਤੱਕ ਪਹੁੰਚ ਕਰਕੇ ਮਿਸਾਲਾ ਇਕੱਠਾ ਕਰਨਾ । ਉਨ੍ਹਾਂ ਨੇ ਲਾਹੌਰ ਦਰਬਾਰ ਦੇ ਪੁਰਾਨੇ ਰਿਕਾਰਡ ਅਤੇ ਰੋਜ਼ਨਾਮਚੇ ਲੱਭੇ, ਲੋਕ ਢਾਡੀਆਂ ਤੋਂ ਵਾਰਾਂ ਸੁਣ ਕੇ ਨੋਟ ਕੀਤੀਆਂ । ਲਿਖਤੀ ਗ੍ਰੰਥ ਉਰਦੂ, ਫਾਰਸੀ ਦੇ ਲੱਭੇ ਤੇ ਪੜ੍ਹੇ ।

ਲਾਹੌਰ ਦਰਬਾਰ ਦੇ ਤਬਾਹ ਹੋਣ ਦੀਆਂ ਕਹਾਣੀਆਂ ਸਿੱਖ ਨੌਜਵਾਨਾਂ ਨੂੰ ਵਧੇਰੇ ਟੁੰਬਦੀਆਂ ਸਨ । ਜ਼ਿਲ੍ਹਾ ਗੁਜਰਾਤ ਦੇ ਚੇਲੀਆਂ ਵਾਲੇ ਦੀ ਆਖਰੀ ਲੜਾਈ ਦੇ ਕਿੱਸੇ ਸੁਣਾਉਣ ਵਾਲੇ ਬਜੁਰਗ ਰੋਜ਼ ਮਰਦੇ ਜਾ ਰਹੇ ਸਨ । ਅਚਾਨਕ ਪਲੇਗ ਦੀ ਬੀਮਾਰੀ ਇਸ ਇਲਾਕੇ ਵਿੱਚ ਫੁੱਟ ਪਈ। ਸ: ਕਰਮ ਸਿੰਘ ਨੂੰ ਇਉਂ ਲੱਗਿਆ ਕਿ ਪਲੇਗ ਨੇ ਬਿਰਧਾਂ ਨੂੰ ਸਮੇਟ ਲੈਣਾ ਹੈ, ਉਨ੍ਹਾਂ ਬੰਦਿਆਂ ਨੂੰ ਵੀ ਸਮੇਟ ਲੈਣਾ ਹੈ ਜਿਨ੍ਹਾਂ

Digitized by Panjab Digital Library | www.panjabdigilib.org

ਨੇ ਇਸ ਲੜਾਈ ਵਿਚ ਹਿੱਸਾ ਲਿਆ ਸੀ, ਜੋ ਅੱਖੀਂ ਡਿੱਠੇ ਹਾਲ ਦੱਸ ਸਕਦੇ ਹਨ। ਉਨ੍ਹਾਂ ਨੂੰ ਜਲਦੀ ਹੀ ਮਿਲਿਆ ਜਾਵੇ।

ਬੀ.ਏ. ਦਾ ਇਮਿਤਹਾਨ ਵਿੱਚੇ ਛੱਡ ਕੇ, ਪਲੇਗ ਨਾਲ ਮਰ ਰਹੇ ਲੋਕਾਂ ਦੀਆਂ, ਨਗਰਾਂ ਤੋਂ ਬਾਹਰ ਜਾ ਜਾ ਕੇ, ਅੰਤਮ ਸਾਹ ਗਿਣਦਿਆਂ ਦੇ ਮੂੰਹਾਂ ਦੀ ਹਵਾੜ ਨਾਲ ਸਾਹ ਮਿਲਾ ਕੇ ਕੰਨਾਂ ਨਾਲ ਕੰਨ ਸੇਧ ਕੇ ਜੋ ਹਾਲਾਤ ਉਸ ਵੇਲੇ ਇਕੱਠੇ ਕੀਤੇ, ਉਹ ਬ੍ਰਿਧਾਂ ਦੇ ਬਿਆਨਾਂ ਦੇ ਰੂਪ ਵਿੱਚ ਲਿਖੇ ਗਏ। ਸਰਦਾਰ ਜੀ ਅੰਦਰ ਕੌਮੀ ਸਪਿਰਟ ਲਹਿਰਾਂ ਮਾਰਦੀ ਦੇਖਣੀ ਹੋਵੇ ਤਾਂ "ਅਮਰ ਖਾਲਸਾ" ਪੜ੍ਹਿਆ ਜਾਵੇ। ਕੌਮੀ ਵਲਵਲੇ ਵਿਚ ਰੰਗਿਆ, ਬਿਆਨ ਤੇ ਇੱਕ ਵਾਕ ਚਿਤ੍ਰ ਦੇਖਣਾ ਹੋਵੇ ਤਾਂ "ਬੰਦਾ ਬਹਾਦਰ" ਪੜ੍ਹਨ ਯੋਗ ਹੈ। ਜਿਸ ਬਾਰੇ ਡਾਕਟਰ ਬਲਵੀਰ ਸਿੰਘ ਨੇ ਕਿਹਾ ਹੈ ਸ: ਕਰਮ ਸਿੰਘ ਨੇ "ਬੰਦਾ ਬਹਾਦਰ" ਦਾ ਅਜੇਹਾ ਚਿਤ੍ਰ ਖਿੱਚਿਆ ਹੈ, ਜਿਸਨੂੰ ਪੜ੍ਹਦਿਆਂ ਪੜ੍ਹਦਿਆਂ, ਇੱਕ ਜੋਧੇ ਦੀ ਅਜੇਹੀ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ, ਜਿਸ ਵਿਚੋਂ ਕੌਮੀ ਜ਼ਜ਼ਬੇ ਦੀਆਂ ਚਿਣਗਾਂ ਵਰ੍ਹ ਰਹੀਆਂ ਹਨ। ਜਿਨ੍ਹਾਂ ਦੇ ਮਨਾਂ ਨੇ ਇਹ ਚਿਣਗਾਂ ਅਨੁਭਵ ਕੀਤੀਆਂ, ਉਹ ਕੌਮੀ ਪ੍ਰਵਾਨੇ ਬਣ ਗਏ।

ਸਰਦਾਰ ਜੀ ਨੇ ਆਪਣਾ ਸਾਰਾ ਜੀਵਨ ਇਤਿਹਾਸ ਖੋਜ ਨੂੰ ਸਮਪਰਣ ਕਰ ਦਿੱਤਾ। ਸ਼ੋਕ ਹੈ ਕਿ ਉਹ ਆਪਣੀ ਸਾਰੀ ਸਮੱਗਰੀ ਨੂੰ ਆਪ ਅੰਕਿਤ ਕਰਨ ਤੋਂ ਪਹਿਲਾਂ ਹੀ ਚਲ ਵਸੇ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਹਨ : "ਬੰਦਾ ਬਹਾਦਰ" (1907), "ਕੱਤਕ ਕਿ ਵਿਸਾਖ" (1908), "ਗੁਰਪੁਰਬ ਨਿਰਣੈ" (1912), "ਬਾਬਾ ਆਲਾ ਸਿੰਘ" (1918), "ਕੇਸ ਤੇ ਸਿੱਖੀ" (1929)। (ਅਮਰ ਖਾਲਸਾ 1924, ਫੁੱਲਵਾੜੀ ਦਾ ਸਿੱਖ ਇਤਿਹਾਸ ਨੰਬਰ (ਜਨਵਰੀ 1930) ਹਨ।

ਪੁਸਤਕ, "ਤਵਾਰੀਖ ਸ੍ਰੀ ਅੰਮ੍ਰਿਤਸਰ" ਹੁਣੇ ਹੁਣੇ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਹੱਥਾਂ ਵਿੱਚ ਪੁੱਜੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਸ: ਗੁਰਚਰਨ ਸਿੰਘ 'ਟੌਹੜਾ' ਨੇ ਇਸ ਪੁਸਤਕ ਬਾਰੇ ਵਿਸ਼ੇਸ਼ ਦਿਲਚਸਪੀ ਲਈ ਹੈ। ਸਾਨੂੰ ਇਨ੍ਹਾਂ ਸਭਨਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

੯ ਸਤੰਬਰ ੧੯੯੮ ਗਿਆਨੀ ਗੁਰਦਿੱਤ ਸਿੰਘ

Digitized by Panjab Digital Library | www.panjabdigilib.org

# ਸ੍ਰੀ ਅੰਮ੍ਰਿਤਸਰ ਜੀ

ਰਾਵੀ ਅਤੇ ਬਿਆਸ ਨਦੀਆਂ ਦੇ ਵਿਚਕਾਰਲੀ ਧਰਤੀ ਕਦੀ ਘਣੇ ਜੰਗਲਾਂ ਨਾਲ ਭਰੀ ਹੋਣ ਕਰ ਕੇ ਰਿਸ਼ੀਆਂ ਦੀ ਤਪੋ ਭੂਮੀ ਬਣੀ ਹੋਈ ਸੀ। ਅਣਗਿਣਤ ਸਾਧੂ ਸੰਤ ਇਸ ਧਰਤੀ ਉਤੇ ਧਿਆਨ ਸਾਧਨਾ ਅਤੇ ਗਿਆਨ ਦੀ ਖੋਜ ਵਿਚ ਇੱਥੇ ਆਪਣਾ ਜੀਵਨ ਬਿਤਾਉਂਦੇ ਸਨ। ਪਾਸ਼ਰ ਮੁਨੀ, ਵਿਆਸ ਮੁਨੀ ਅਤੇ ਮਹਾਂ ਰਿਸ਼ੀ ਬਾਲਮੀਕ ਜੀ ਨੇ ਇਸੇ ਧਰਤੀ ਤੇ ਗਿਆਨ ਪ੍ਰਾਪਤ ਕੀਤਾ। ਸੀਤਾ ਜੀ ਨੇ ਆਪਣੇ ਦੋਹਾਂ ਪੁੱਤਰਾਂ ਲਊ ਅਤੇ ਕੁਸ਼ੂ ਦੀ ਪਾਲਣਾ ਵੀ ਇਥੇ ਹੀ ਕੀਤੀ। ਰਿਸ਼ੀਆਂ ਦੇ ਆਸ਼ਰਮ , ਜਲ -ਕੁੰਡ ਜਾਂ ਪਾਣੀ ਦੀ ਕਿਸੇ ਢਾਬ ਦੇ ਨੇੜੇ ਹੀ ਬਣਾਏ ਜਾਂਦੇ ਸਨ। ਅਜਿਹੇ ਹੀ ਇਕ ਪਵਿੱਤਰ ਜਲ ਕੁੰਡ ਨੂੰ ਅੰਮ੍ਰਿਤ ਸਰੋਵਰ ਬਣਨ ਦਾ ਮਾਨ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੋਣ ਪਿੱਛੋਂ ਮਿਲਿਆ।

## ਸ੍ਰੀ ਅੰਮ੍ਰਿਤਸਰ ਜੀ ਦਾ ਮੁੱਢ ਬੱਝਣਾ

13 ਹਾੜ ਸੰਮਤ 1621 ਨੂੰ ਇੱਥੇ ਪਿੰਡ ਦੀ ਨੀਂਹ ਰੱਖੀ ਗਈ ਅਤੇ 26 ਵੈਸਾਖ ਸੰਮਤ 1630 ਨੂੰ ਗੁਰੂ ਕੇ ਮਹਿਲ ਬਣੇ। 7 ਕਤਕ ਸੰਮਤ 1630 ਨੂੰ ਅੰਮ੍ਰਿਤ ਬੂਟੀ ਵਾਲੀ ਥਾਂ ਸਰੋਵਰ ਬਣਾਉਣ ਦਾ ਕੰਮ ਅਰੰਭਿਆ ਗਿਆ।

1634 ਨੂੰ ਗੁਰੂ ਅਮਰਦਾਸ ਜੀ ਦੇ ਸੇਵਕ ਭਾਈ ਸਾਲ੍ਹੋ, ਭਾਈ ਚੰਦਰਭਾਨ, ਭਾਈ ਰੂਪ ਰਾਮ ਅਤੇ ਭਾਈ ਗੁਰੀਆ ਆਦਿ ਨੇ ਬਹੁਤ ਕੌਮਾਂ ਦੇ ਆਦਮੀ ਕਸੂਰ ਤੇ ਪੱਟੀ ਦੇ ਪਰਗਣਿਆਂ ਤੋਂ ਲਿਆ ਕੇ ਗੁਰੂ ਕੇ ਮਹਿਲਾਂ ਦੇ ਗਿਰਦੇ ਵਸਾਏ ਅਤੇ ਇਸ ਥਾਂ ਦਾ ਨਾਮ ਗੁਰੂ ਕਾ ਚੱਕ ਉੱਘਾ ਹੋਇਆ।

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪਹਿਲੇ ਗੁਰੂ ਕਾ ਬਜ਼ਾਰ ਅਤੇ ਆਪਣਾ ਮਕਾਨ ਪੱਕਾ ਬਣਾ ਕੇ ਇਕ ਦਰਵਾਜ਼ਾ ਚੱਕ ਦਾ ਬਣਾਇਆ, ਜਿਸਨੂੰ ਅਜ ਕਲ ਦਰਸ਼ਨੀ ਡਿਉੜ੍ਹੀ ਕਹਿੰਦੇ ਹਨ। ਫੇਰ ਸਰੋਵਰ ਪੂਰਾ ਕਰਕੇ ਗੁਰੂ ਰਾਮ ਦਾਸ ਜੀ ਦੇ ਤਪ ਕਰਨ ਦੀ ਥਾਂ ਤੇ ਹਰਿਮੰਦਰ ਬਣਵਾਇਆ। ਮਗਰੋਂ ਸੰਤੋਖਸਰ ਅਤੇ ਰਾਮ ਸਰ ਤੋਂ ਛੁਟ ਹੋਰ ਕਈ ਮਕਾਨ ਵੀ ਗੁਰੂ ਜੀ ਨੇ ਬਣਵਾਏ।

ਸ੍ਰੀ ਅੰਮ੍ਰਿਤਸਰ ਵਿਚ ਗੁਰੂ ਸਾਹਿਬਾਨ ਦੇ ਨਿਵਾਸ ਕਾਰਣ ਸਿੱਖ ਸਗੰਤਾਂ ਦੂਰੋਂ ਦੂਰੋਂ ਉਹਨਾਂ ਦੇ ਦਰਸ਼ਨਾਂ ਲਈ ਆਉਣ ਲਗੀਆਂ ਹੌਲੀ ਹੌਲੀ ਰਾਮਦਾਸ

Digitized by Panjab Digital Library | www.panjabdigilib.org

ਪੁਰ ਨਾ ਕੇਵਲ ਧਰਮ ਕੇਂਦਰ ਬਣ ਗਿਆ ਸਗੋਂ ਇਕ ਵਡਾ ਵਪਾਰਕ ਕੇਂਦਰ ਵੀ ਬਣਨ ਲਗਾ। ਵੱਖ ਵੱਖ ਕਿੱਤਿਆਂ ਦੇ ਕਾਰੀਗਰ ਵੀ ਇੱਥੇ ਹੀ ਵੱਸਣ ਲਗ ਪਏ। ਸਮੇਂ ਸਮੇਂ ਕੁਝ ਪ੍ਰਸਿੱਧ ਵਿਅਕਤੀਆਂ ਨੇ ਇੱਥੇ, ਆਪਣੇ ਨਾਲ ਆਉਣ ਵਾਲੇ ਕਾਰਿੰਦਿਆਂ ਨੂੰ ਵਸਾਉਣ ਲਈ ਕੱਟੜੇ ਵਸਾਉਣੇ ਅਰੰਭ ਕੀਤੇ। ਗੁਰੂ ਕਾ ਬਾਜ਼ਾਰ, ਚੌਂਕ ਦਰਬਾਰ ਸਾਹਿਬ, ਚੌਂਕ ਪਾਸੀਆਂ ਅਤੇ ਕਟੜਾ ਭਾਈ ਸਾਲੋ, ਤਾਂ ਗੁਰੂ ਸਾਹਿਬਾਨ ਵੇਲੇ ਹੀ ਘਣੀ ਵਸੋਂ ਵਾਲੇ ਖੇਤਰ ਬਣ ਗਏ ਹੋਏ ਸਨ ਤਾਂ ਹੀ ਤੇ ਗੁਰੂ ਸਾਹਿਬ ਨੇ ਫੁਰਮਾਇਆ ਸੀ, ' ਵਸਦੀ ਸਘਣ ਅਪਾਰ ਅਨੂਪ ਰਾਮਦਾਸ ਪੁਰ,' ਜਿਨ੍ਹਾਂ ਪ੍ਰਸਿਧ ਹਸਤੀਆਂ ਨੇ ਜਿਸ ਨਾਮ ਦੇ ਕਟੜੇ ਅਤੇ ਜਿਸ ਬਿਕਰਮੀ ਸਾਲ ਵਿਚ ਵਸਾਏ ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :—

## ਕਟੜੇ ਸ਼ਹਿਰ ਦੇ

1. ਕਟੜਾ ਆਹਲੂਵਾਲੀਆਂ, ਸੰਮਤ 1816 ਵਿਚ, ਸ: ਜੱਸਾ ਸਿੰਘ ਨੇ ਵਸਾਇਆ।
2. ਕਟੜਾ ਫਤਿਹ ਸਿੰਘ ਕਾਲਿਆਂ ਵਾਲਾ, ਸੰਮਤ 1822 ਨੂੰ ਵੱਸਿਆ।
3. ਗੁਰੂ ਕਾ ਬਜ਼ਾਰ, ਸੰਮਤ 1651 ਨੂੰ ਗੁਰੂ ਅਰਜਨ ਦੇਵ ਜੀ ਨੇ ਵਸਾਇਆ।
4. ਕਟੜਾ ਹਰੀ ਸਿੰਘ ਭੰਗੀ, ਸੰਮਤ 1813 ਵਿਚ ਵੱਸਿਆ।
5. ਲੋਹ ਮੰਡੀ ਸੰਮਤ 1834 ਨੂੰ ਸ: ਗੰਡਾ ਸਿੰਘ, ਝੰਡਾ ਸਿੰਘ ਭੰਗੀ ਨੇ ਵਸਾਈ।
6. ਬਜ਼ਾਰ ਪਟਰੰਗਾਂ, ਸੰਮਤ 1822 ਨੂੰ ਸ: ਗੰਡਾ ਸਿੰਘ, ਝੰਡਾ ਸਿੰਘ ਭੰਗੀ ਨੇ ਵਸਾਇਆ।
7. ਕਟੜਾ ਨਿਹਾਲ ਸਿੰਘ ਅਟਾਰੀ ਵਾਲਾ, ਸੰਮਤ 1852 ਨੂੰ ਸ: ਨਿਹਾਲ ਸਿੰਘ ਅਟਾਰੀ ਵਾਲੇ ਨੇ ਵਸਾਇਆ
8. ਕਟੜਾ ਫਤਿਹ ਸਿੰਘ ਮਾਨ ਸੰਮਤ 1872 ਨੂੰ ਵਸਿਆ।
9. ਕਟੜਾ ਹਰਸਾ ਸਿੰਘ ਸੰਮਤ 1868 ਨੂੰ ਵਸਿਆ।
10. ਕਟੜਾ ਮੋਹਰ ਸਿੰਘ 1882 ਨੂੰ ( ਇਹ ਸਰਦਾਰ ਮਹਾਰਾਜੇ ਦਾ ਮੁਸਾਹਿਬ ਸੀ। ਬਹੁਤ ਰੁਪਯਾ ਲੈ ਕੇ ਕਾਸ਼ੀ ਜਾ ਰਿਹਾ ) ਵਸਿਆ

Digitized by Panjab Digital Library | www.panjabdigilib.org

11. ਚੌਂਕ ਦਰਬਾਰ ਸਾਹਿਬ, ਇੱਥੇ ਗੁਰੂ ਹਰ ਗੋਬਿੰਦ ਸਾਹਿਬ ਜੀ ਦੀ ਫੌਜ ਰਿਹਾ ਕਰਦੀ ਸੀ । ਸੰਮਤ 1678 ਨੂੰ ਬਹੁਤ ਸਾਰੀਆਂ ਹੱਟੀਆਂ ਬਣਵਾਕੇ ਵਿਚਕਾਰ ਇਹ ਚੌਂਕ ਬਣਵਾਇਆ । ਇਸ ਕਰਕੇ ਇਹ ਨਾਮ ਰੱਖਿਆ ਗਿਆ।

12. ਕਟੜਾ ਸ: ਲੈਹਣਾ ਸਿੰਘ ਭੰਗੀ ( ਮੋਚੀ ਬਜ਼ਾਰ ) ਸੰਮਤ 1841 ਨੂੰ ਵਸਾਇਆ।

13. ਕਟੜਾ ਜਲ੍ਹਿਆਂ ਵਾਲੀਆਂ ਸੰਮਤ 1882 ਨੂੰ ਸ: ਹਿੰਮਤ ਸਿੰਘ ਜਲ੍ਹਿਆਂ ਵਾਲੀਏ ਨੇ ਵਸਾਇਆ। ਇਸ ਵਿਚ ਉਸਦਾ ਬਾਗ ਅਤੇ ਸਮਾਧਾਂ ਆਦਿ ਮਕਾਨ ਬਣੇ ਹੋਏ ਹਨ।

14. ਛਾਉਣੀ ਨਿਹੰਗਾ : ਬਾਬਾ ਨੱਥਾ ਸਿੰਘ ਅਤੇ ਫੂਲਾ ਸਿੰਘ ਜੀ ਰਿਹਾ ਕਰਦੇ ਸਨ, ਬਬੇਕ ਸਰ ਪਾਸ ਹੈ ।

15. ਕਟੜਾ ਘੀ ਮੰਡੀ : ਪਹਿਲੋਂ ਕੁਝ ਸਰਦਾਰਾਂ ਦੀ ਸ਼ਾਮਲਾਟ ਸੀ ਪਰ ਫਸੀਲ ਬਣਨ ਵੇਲੇ ਰਾਜਾ ਧਿਆਨ ਸਿੰਘ ਅਤੇ ਰਾਜਾ ਲੈਹਣਾ ਸਿੰਘ, ਇਸ ਦੇ ਮਾਲਕ ਹੋ ਗਏ।

16. ਕਟੜਾ ਬੱਘੀਆਂ ; ਸੰਮਤ 1854 ਨੂੰ , ਸ: ਅਮਰ ਸਿੰਘ ਧਰਮ ਕੋਟੀਏ ਨੇ ਵਸਾਇਆ ।

17. ਕਟੜਾ ਸ਼ੇਰ ਸਿੰਘ ; ਸ: ਸ਼ੇਰ ਸਿੰਘ ਜੀ ਨੇ ਵਸਾਇਆ।

18. ਕਟੜਾ ਘਨੱਯਾ: ਸੰਮਤ 1823 ਨੂੰ ਜੈ ਸਿੰਘ ਹਕੀਕਤ ਸਿੰਘ ਘਨੱਯੇ ਸਰਦਾਰਾਂ ਨੇ ਵਸਾਇਆ ।

19. ਕਟੜਾ ਸਿੰਘਪੁਰੀਆਂ ( ਬਜ਼ਾਰ ਕਸੇਰਿਆਂ ) ਸੰਮਤ 1832 ਨੂੰ, ਨਵਾਬ ਕਪੂਰ ਸਿੰਘ ਜੀ ਨੇ ਵਸਾਇਆ ।

20. ਕਟੜਾ ਡਿਉੜ੍ਹੀ ਕਰਮੋ: ਇਹ ਕਟੜਾ ਡਿਉੜ੍ਹੀ, ਰਾਣੀ ਸਦਾ ਕੌਰ ਦੀ ਹੈ ਜਿਸਦੀ ਕਾਰਦਾਰ ਕਰਮੋਂ ਬਾਹਮਣੀ ਨੇ ਇਥੇ ਬੈਠ ਕੇ ਚੰਗੇ ਚੰਗੇ ਨਿਆਂ ਕੀਤੇ ਇਸ ਲਈ ਇਹ ਡਿਉੜ੍ਹੀ ਉਸਦੇ ਨਾਂ ਉਤੇ ਹੀ ਵੱਜੀ ।

21. ਕਟੜਾ ਜੈਮਲ ਸਿੰਘ: ਸੰਮਤ 1851 ਨੂੰ ਸ, ਜੈਮਲ ਸਿੰਘ ਘਨੱਯੇ ਨੇ ਵਸਾਇਆ ।

22. ਕਟੜਾ ਖੜਕ ਸਿੰਘ : ਇਹ ਕਟੜਾ ਨੱਕਈ ਸਰਦਾਰਾਂ , ਅਰਥਾਤ

Digitized by Panjab Digital Library | www.panjabdigilib.org

ਮਹਾਰਾਜਾ ਖੜਕ ਸਿੰਘ ਦੇ ਨਾਨਕਿਆਂ ਦਾ ਵੀਰਾਨ ਪਿਆ ਸੀ, ਆਪ ਨੇ ਸੰਮਤ 1882 ਨੂੰ ਵਸਾਇਆ ।

23. ਕਟੜਾ ਦੂਲੋ : ਸੰਮਤ 1813 ਵਿਚ ਸ: ਕਰਮ ਸਿੰਘ ਭੰਗੀ ਨੇ ਵਸਾਇਆ, ਜਿਸ ਨੂੰ ਅਤਿ ਸਖੀ ਹੋਣ ਕਰਕੇ ਦੂਲੋ ਆਖਦੇ ਸਨ।

24. ਕਟੜਾ ਲੋਹ ਗੜ੍ਹ : ਗੁਰੂ ਹਰ ਗੋਬਿੰਦ ਜੀ ਨੇ, ਕਿਲ੍ਹਾ ਲੋਹ ਗੜ੍ਹ ਆਬਾਦ ਕਰਨ ਵੇਲੇ ਸੰਮਤ 1672 ਵਿਚ ਵਸਾਇਆ।

25. ਕਟੜਾ ਬਾਘ ਸਿੰਘ ਆਹਲੂਵਾਲੀਆ; ਸੰਮਤ 1830 ਵਿਚ ਵਸਾਇਆ ।

26. ਕਟੜਾ ਪਰਜੇ ਵਾਲਾ : ਪਹਿਲੋਂ , ਇਥੇ ਪਰਜਾ ਪਤੀ ਸ਼ਾਹੂਕਾਰ ਸਰਾਫ ਵੱਸਿਆ ਹੋਇਆ ਸੀ ।

27. ਕਟੜਾ ਮੋਤੀ ਮਲ ਰਾਮ : ਇਹ ਮਹਾਰਾਜੇ ਦਾ ਦੀਵਾਨ ਸੀ, ਸੰਮਤ 1882 ਨੂੰ ਇਹ ਕਟੜਾ ਉਸ ਨੇ ਵਸਾਇਆ ।

28. ਕਟੜਾ ਚੜ੍ਹਤ ਸਿੰਘ: (ਭੰਗੀ ) ਸੰਮਤ 1852 ਨੂੰ ਵਸਾਇਆ।

29. ਕਟੜਾ ਟੁੰਡੇ ਵਾਲਾ : ( ਢਾਬ ਟੁੰਡੇ ਵਾਲੀ ) ਇਹ ਇਕ ਸੁਦਾਗਰ ਸੀ ਜੋ ਭੰਗੀ ਸਰਦਾਰਾਂ ਨੂੰ ਘੋੜੇ ਲਿਆ ਕੇ ਦਿਆ ਕਰਦਾ, ਇਥੇ ਉਸ ਨੇ ਤਲਾ ਲਗਵਾਇਆ ਸੀ। ਉਸੇ ਦੇ ਨਾਂ ਤੇ ਢਾਬ ਅਤੇ ਕਟੜੇ ਨੂੰ ਪ੍ਰਸਿੱਧੀ ਪ੍ਰਾਪਤ ਹੋਈ।

30. ਬਜਾਰ ਖਿਲੌਣਿਆਂ : ਇਥੇ ਪਹਿਲੋਂ, ਖਿਲੌਣਿਆਂ ਦੀਆਂ ਦੁਕਾਨਾਂ ਬਹੁਤ ਸਨ, ਇਸ ਲਈ ਇਹ ਨਾਂ ਪੈ ਗਿਆ ਜੋ ਹੁਣ ਵੀ ਪ੍ਰਚਲਿਤ।

31. ਕਟੜਾ ਗਿਆਨੀਆਂ : ਸੰਤ ਸਿੰਘ ਗਿਆਨੀ ਨੇ ਸੰਮਤ 1871 ਵਿਚ ਵਿਸਾਇਆ ।

32. ਕਟੜਾ ਮਿਸਰ ਬੇਲੀ ਰਾਮ : 1878 ਵਿਚ ਵਸਾਇਆ ਗਿਆ।

33. ਕਟੜਾ ਖਜ਼ਾਨਾ : ਖਜ਼ਾਨਾ ਮਹਾਰਾਜ ਦਾ ਮਸ਼ਹੂਰ ਨਿਸ਼ਾਨਾ ਮਾਰਨ ਵਾਲਾ ਗੋਲਾ ਅਦਾਜ਼ ਸੀ। ਉਸੇ ਦੇ ਨਾਂ ਤੇ ਇਹ ਕਟੜਾ ਪ੍ਰਸਿੱਧ ਹੈ।

34. ਚੌਕ ਮੱਲਾ ਸਿੰਘ : ਆਬਾਦ ਭੰਗੀ ਸਰਦਾਰਾਂ ਦਾ ਕੀਤਾ ਹੋਇਆ ਹੈ, ਪਰ ਮੱਲਾ ਸਿੰਘ ਹਲਵਾਈ ਦੀ ਮਸ਼ਹੂਰੀ ਤੋਂ ਇਹ ਨਾਂ ਪ੍ਰਸਿੱਧ ਹੋਇਆ ।

35. ਮਜੀਠ ਮੰਡੀ : ਇਹ ਵੀ ਸ: ਹਰੀ ਸਿੰਘ ਦੇ ਕਟੜੇ ਵਿਚ ਹੈ। ਇੱਥੇ

Digitized by Panjab Digital Library | www.panjabdigilib.org

ਮਜੀਠ ਦੀਆਂ ਹੱਟੀਆਂ ਹੋਣ ਦੇ ਕਾਰਣ ਮਜੀਠ ਮੰਡੀ, ਤਖਤ ਵਾਲੀ , ਜੋ ਮਜੀਠ ਦਾ ਮਸ਼ਹੂਰ ਸੁਦਾਗਰ ਸੀ, ਦੇ ਨਾਂ ਤੇ ਮਜੀਠ ਮੰਡੀ, ਬੋਲੀ ਜਾਂਦੀ ਹੈ।

36. ਕਿਲ੍ਹਾ ਭੰਗੀਆਂ : ਸਰਕਾਰ ਨੇ ਸਾਫ ਕਰਕੇ ਨਵੇਂ ਸਿਰੇ ਤੋਂ ਆਬਾਦ ਕਰ ਦਿੱਤਾ ਹੈ ਪਰ ਨਾਮ ਅਜੇ ਵੀ ਪਹਿਲਾਂ ਵਾਲਾ ਹੀ ਮਸ਼ਹੂਰ ਹੈ।

37. ਕਟੜਾ ਹਕੀਮਾਂ : ਨੂਰ ਦੀਨ, ਅਜ਼ੀਜ਼ ਦੀਨ ਪ੍ਰਸਿੱਧ ਹਕੀਮ ਸਨ , ਉਨ੍ਹਾਂ ਨੇ ਸੰਮਤ 1892 ਵਿਚ ਵਸਾਇਆ ।

38. ਕਟੜਾ ਕਰਮ ਸਿੰਘ ; ਕਰਮ ਸਿੰਘ ਪੁਰਾਣੇ ਮਸ਼ਹੂਰ ਸਰਦਾਰ, ਰੰਘੜ ਭੰਗੀਆ ਵਿਚੋਂ ਸੀ। ਉਸ ਨੇ ਸੰਮਤ 1821 ਨੂੰ ਵਿਚ ਇਹ ਕਟੜਾ ਵਸਾਇਆ ।

39. ਲੂਣ ਮੰਡੀ : ਇਥੇ , ਸ : ਝੰਡਾ ਸਿੰਘ ਦੇ ਕਟੜੇ ਵਿਚ , ਲੂਣ ਦੀਆਂ ਹੱਟੀਆਂ ਬਹੁਤ ਹੋਣ ਕਾਰਣ ਇਸ ਦਾ ਨਾਮ ਲੂਣ ਮੰਡੀ ਪਿਆ ।

40. ਕਣਕ ਮੰਡੀ : ਕਟੜਾ ਭੰਗੀਆਂ ਵਿਚ ਦਾਣੇ ਦਾ ਬਜ਼ਾਰ ਸੀ। ਇਸ ਲਈ ਕਣਕ ਮੰਡੀ ਵਜੋਂ ਮਸ਼ਹੂਰ ਹੋ ਗਈ ।

41. ਕਟੜਾ ਮਿੱਤ ਸਿੰਘ : ਸਰਦਾਰ ਮਿੱਤ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਅਵਲ ਦਰਜੇ ਦਾ ਸਰਦਾਰ ਸੀ ਅਤੇ ਭੜਾਣੀਆਂ ਪਰਿਵਾਰ ਨਾਲ ਸੰਬਧ ਰੱਖਦਾ ਸੀ । ਉਸਨੇ ਸੰਮਤ 1863 ਵਿਚ ਇਹ ਕਟੜਾ ਵਸਾਇਆ ।

42. ਕਟੜਾ ਰਾਮ ਗੜ੍ਹੀਆਂ ਸੰਮਤ 1812 ਨੂੰ ਸ : ਜੱਸਾ ਸਿੰਘ ਰਾਮ ਗੜ੍ਹੀਏ ਨੇ ਵਸਾਇਆ । ਇਹ ਸਭ ਕਟੜਿਆਂ ਨਾਲੋਂ ਵਡਾ ਹੈ ਅਤੇ ਛਾਉਣੀ ਨਿਹੰਗਾਂ ਆਦਿ ਕਈ ਮਸ਼ਹੂਰ ਮਕਾਨ ਇਸ ਵਿਚ ਹਨ।

43. ਕਟੜਾ ਗਰਭਾ ਸਿੰਘ : ਗਰਭਾ ਸਿੰਘ ਮਹਾਰਾਜੇ ਦੇ ਮੁਸਾਹਿਬਾਂ ਵਿਚੋਂ ਸੀ ਸੰਮਤ 1878 ਵਿਚ ਉਸ ਨੇ ਇਸ ਕਟੜੇ ਦੀ ਨੀਂਹ ਰਖੀ ।

44. ਕਟੜਾ ਮਹਾਂ ਸਿੰਘ: ਸ: ਮਹਾਂ ਸਿੰਘ ਨੇ 1836 ਵਿਚ ਵਸਾਇਆ।

Digitized by Panjab Digital Library | www.panjabdigilib.org

45. ਕਟੜਾ ਦੇਸੂ ਸਿੰਘ : ਦੇਸੂ ਸਿੰਘ, ਗੰਡਾ ਸਿੰਘ ਦਾ ਜਾਂ ਨਸ਼ੀਨ ਸੀ। ਸੰਮਤ 1851 ਵਿਚ ਉਸ ਨੇ ਇਸ ਕਟੜੇ ਨੂੰ ਆਬਾਦ ਕੀਤਾ।

46. ਕਟੜਾ ਮਾਈ ਸੇਵਾ : ਮਾਈ ਸੇਵਾਂ ਸ : ਫਤਿਹ ਸਿੰਘ ਕਾਲਿਆਂ ਵਾਲੇ ਦੇ ਘਰੋਂ ਸੀ, ਇਸ ਦੇ ਮਰਨ ਮਗਰੋਂ ਸੰਮਤ 1866 ਵਿਚ ਆਬਾਦ ਕੀਤਾ, ਘੰਟਾ ਘਰ ਵੀ ਇਸੇ ਵਿਚ ਹੈ।

47. ਕਟੜਾ ਭਾਈ ਵਸਤੀ ਰਾਮ : ਭਾਈ ਰਾਮ ਸਿੰਘ ਅਤਾਲੀਕ ਅਤੇ ਸ : ਖੜਕ ਸਿੰਘ ਨੇ ਆਪਣੇ ਪਿਤਾ ਦੇ ਨਾਂ ਉਤੇ ਸੰਮਤ 1880 ਵਿਚ ਇਸ ਕਟੜੇ ਨੂੰ ਆਬਾਦ ਕੀਤਾ ।

48. ਕਟੜਾ ਚੱਟਾਂ : ਇਜ਼ਤ ਸਿੰਘ ਚੋਪੜਾ, ਖੱਤਰੀ ਨੇ ਸੰਮਤ 1891 ਵਿਚ ਇਸ ਕਟੱੜੇ ਨੂੰ ਵਸਾਇਆ ।

49. ਕਟੜਾ ਜਮੇਦਾਰ : ਇਕ ਸਿਪਾਹੀਉਂ ਵੀਹ ਲਖ ਦੇ ਜਗੀਰਦਾਰ ਹੋਏ, ਖੁਸ਼ਾਲ ਸਿੰਘ ਨੇ ਸੰਮਤ 1871 ਵਿਚ ਵਸਾਇਆ।

50. ਚੌਕ ਪਾਸੀਆਂ : ਇਥੇ ਸੰਮਤ 1638 ਵਿਚ ਪਾਸੀ ਖੱਤਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਵੱਸੇ ਸਨ।

51. ਕਟੜਾ ਦਲ ਸਿੰਘ : ਦੱਲ ਸਿੰਘ ਕਾਲਿਆਂ ਵਾਲਾ ਵਿੱਖੇ ਸਃ ਫਤਿਹ ਸਿੰਘ ਦਾ ਨੌਕਰ ਸੀ। ਇਹ ਕਟੜਾ ਉਸ ਨੇ ਵਸਾਇਆ ਅਤੇ ਉਸ ਦੇ ਨਾਂ ਤੇ ਪ੍ਰਸਿੱਧ ਹੈ।

52. ਟੋਬਾ ਭਾਈ ਸਾਲ੍ਹੋ : ਇਹ ਕੱਚੇ ਤਲਾਅ ਦੇ ਕੰਢੇ ਉਤੇ ਭਾਈ ਸਾਲ੍ਹੋ ਨੇ ਗੁਰੂ ਰਾਮ ਦਾਸ ਜੀ ਦੇ ਹੁਕਮ ਨਾਲ ਧਰਮਸ਼ਾਲਾ ਬਣਾ ਕੇ ਆਬਾਦ ਕੀਤਾ ।

53. ਬਾਜ਼ਾਰ ਹਰ ਸੁਖ ਜਰਨੈਲ ( ਸਬਜ਼ੀ ਮੰਡੀ ) : ਇਹ ਕਾਦਰਾਬਾਦ ਦਾ ਖੱਤਰੀ, ਮਹਾਰਾਜੇ ਦੀ ਫੌਜ ਦਾ ਜਰਨੈਲ ਸੀ, ਅੰਗਰੇਜ਼ਾਂ ਦਾ ਰਾਜ ਹੋਣ ਵੇਲੇ ਇਸ ਨੇ ਮੁਖਬਰੀ ਕਰਕੇ ਬੇਸ਼ੁਮਾਰ ਸਿੱਖ ਸਰਦਾਰਾਂ ਨੂੰ ਨੁਕਸਾਨ ਪੁਚਾਇਆ, ਜਿਸ ਦੇ ਸਿਲ੍ਹੇ ਵਿਚ ਸੰਮਤ 1910 ਵਿਚ ਇਸ ਨੂੰ ਤਹਿਸੀਲਦਾਰੀ ਅਤੇ ਇਹ ਜਗਾਹ ਆਬਾਦ ਕਰਨ ਲਈ ਮਿਲ ਗਈ।

54. ਕੱਟੜਾ ਮਾਨਾਂ ਵਾਲਾ : ਜੋ ਦਰਮਯਾਨ ਕਟੜਾ ਨਿਹਾਲ ਸਿੰਘ ਅਟਾਰੀ ਵਾਲੇ ਦੇ ਹੈ. ਸਃ ਫਤਹਿ ਸਿੰਘ ਮਾਨ ਨੇ ਵਸਾਇਆ ।

Digitized by Panjab Digital Library | www.panjabdigilib.org

55. ਬਜ਼ਾਰ ਸਬੂਣ ਗਰਾਂ : ਕਟੜਾ ਆਹਲੂਵਾਲੀਆਂ ਦੇ ਵਿਚਕਾਰ ਹੈ। ਇੱਥੇ ਬਹੁਤੀਆਂ ਦੁਕਾਨਾਂ ਸਾਬਨ ਬਣਾਉਣ ਅਤੇ ਵੇਚਣ ਵਾਲਿਆਂ ਦੀਆਂ ਹਨ।

56. ਬਜ਼ਾਰ ਕਹਾਰਾਂ : ਇਹ ਕਟੜਾ ਨਿਹਾਲ ਸਿੰਘ ਅਟਾਰੀ ਵਾਲੇ ਦਾ ਹੈ।

57. ਕਟੜਾ ਮਿਸਰੀ ਵਾਲਾ : ਵਿਚਕਾਰ ਕਟੜਾ ਹਰੀ ਸਿੰਘ ਦੇ ਹੈ।

58. ਕਟੜਾ ਸਿਰਕੀ ਬੰਦਾਂ : ਕਟੜਾ ਦੂਲੋ ਦੇ ਵਿਚਕਾਰ ਹੈ। ਇੱਥੇ ਸਿਰਕੀ ਬੰਦਾਂ ਦੇ ਬਹੁਤੇ ਪਰਿਵਾਰ ਰਹਿੰਦੇ ਸਨ ਇਸ ਲਈ ਇਹ ਨਾਂ ਪੈ ਗਿਆ।

59. ਕਟੜਾ ਬੱਤੀ ਹੱਟਾਂ : ਪਾਸ ਚੁਰਸਤੀ ਅਟਾਰੀ . ਕਟੜਾ ਹਰੀ ਸਿੰਘ ਵਿਚ ਹੈ।

60. ਕਟੜਾ ਪੱਟਰੰਗਾਂ : ਵਿਚਕਾਰ ਕਟੜਾ ਭੰਗੀ ਸਰਦਾਰਾਂ ਹੈ।

61. ਕਟੜਾ ਚਾਵਲ ਮੰਡੀ : ਵਿਚਕਾਰ ਕਟੜਾ ਨਿਹਾਲ ਸਿੰਘ ਅਟਾਰੀ ਵਾਲਾ ।

62. ਚੌਕ ਫੁੱਲਾਂ ਵਾਲਾ : ਵਿਚਕਾਰ ਕਟੜਾ ਭੰਗੀਆਂ ।

63. ਚੁਰਸਤੀ ਅਟਾਰੀ : ਇਥੇ ਗੁਰੂ ਹਰ ਗੋਬਿੰਦ ਜੀ ਬੈਠਿਆ ਕਰਦੇ ਸਨ, ਅਜੇ ਵੀ ਉਨ੍ਹਾਂ ਦੇ ਨਾਮ ਤੋਂ ਮਕਾਨ ਬਣਿਆ ਹੋਇਆ ਹੈ। ਉਨ੍ਹਾਂ ਨੇ ਚੁਤਰਫੀ ਬਜ਼ਾਰ ਬਣਵਾਇਆ ਅਤੇ ਇਕ ਅਟਾਰੀ ਬਣਵਾਈ ਸੀ. ਇਸ ਲਈ ਇਹ ਨਾਮ ਪ੍ਰਸਿੱਧ ਹੋਇਆ ।

64. ਦਰਸ਼ਨੀ ਦਰਵਾਜ਼ਾ : ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹੱਲਾਂ ਅਤੇ ਸਰੋਵਰ ਦੇ ਵਿਚਕਾਰ ਸੰਮਤ 1635 ਵਿਚ ਬਣਵਾਇਆ।

65. ਕਟੜਾ ਗੁਰਮੁਖ ਸਿੰਘ ਗਿਆਨੀ ।

66. ਕਟੜਾ ਹਰਿਦਾਸ ਸਿੰਘ ਨਕਾਲ : ਇਹ ਵੀ ਮਹਾਰਾਜੇ ਦਾ ਮਸ਼ਹੂਰ ਸ਼ਾਹੂਕਾਰ ਸੀ।

67. ਮਹਿਲ ਗੁਰੂ ਕੇ : ਪਹਿਲੇ ਪਹਿਲੇ ਇਹੋ ਮਕਾਨ ਗੁਰੂ ਰਾਮ ਦਾਸ ਜੀ ਨੇ ਸੰਮਤ 1629 ਵਿਚ ਬਣਵਾਏ ਸਨ।

ਉੱਪਰ ਦੱਸੇ ਕਟੜਿਆਂ ਵਿਚੋਂ ਪੈਂਤੀਆਂ ਦੀ ਰਸਮ ਤਹਿ ਜ਼ਮੀਨੀ ਵਸੂਲ ਕਰਨ ਦੀ ਹੈ। ਜਿਸ ਵੇਲੇ ਇਹ ਸ਼ਹਿਰ ਅਤੇ ਕਟੜੇ ਸਿੱਖ ਸਰਦਾਰਾਂ ਨੇ ਵਸਾਏ,

Digitized by Panjab Digital Library | www.panjabdigilib.org

ਲੋਕਾਂ ਨੂੰ ਵਸਣ ਵਾਸਤੇ ਜ਼ਮੀਨ ਮੁਫਤ ਹੀ ਦੇਂਦੇ ਸਨ। ਕੇਵਲ 1/- ਰੁਪਏ ਤੇ ਗੁੜ ਦੀ ਰੋੜੀ ਨਜ਼ਰਾਨਾ ਲੈਂਦੇ । ਸਾਲ ਮਗਰੋਂ ਕਿਸੇ ਪਾਸੋਂ ਚਾਰ ਆਨੇ, ਕਿਸੇ ਪਾਸੋਂ ਅੱਠ ਆਨੇ ਤੇ ਕਿਸੇ ਪਾਸੋਂ 1 ਰੁਪਿਆ ਜਾਂ 2 ਰੁਪਏ ਵੀ ਹਸੀਯਤ ਮੂਜਬ ਲੈਂਦੇ ਰਹੇ, ਇਹੋ ਰਸਮ ਅਜ ਤੀਕ ਹੈ। ਪਹਿਲੋਂ ਇਥੇ ਹਰ ਇਕ ਸਰਦਾਰ ਆਪਣੇ ਕਟੜੇ ਦਾ ਖੁਦਮੁਖਤਾਰ ਹਾਕਮ ਸੀ। ਐਥੋਂ ਤੀਕ ਕਿ ਜੇ ਕਰ ਕਿਸੇ ਕਟੜੇ ਦਾ ਕੋਈ ਖੁਨਾਮੀ ਭੱਜਕੇ ਦੂਜੇ ਵਿਚ ਜਾਂ ਵੜਦਾ ਤਾਂ ਉਹ ਉਸ ਦੀਆਂ ਬਾਹਵਾਂ ਨਹੀਂ ਦੇਂਦਾ ਸੀ। ਉਸ ਵੇਲੇ ਤੋਂ ਹੀ ਇਹ ਰਸਮ ਤਹਿ ਜ਼ਮੀਨੀ ਹੈ। ਪਹਿਲੋਂ ਕਟੜੇ ਦੇ ਅਡ ਅਡ ਸਰਦਾਰ ਤਹਿ ਜ਼ਮੀਨੀ ਲੈਂਦੇ ਸਨ। ਮਹਾਰਾਜਾ ਰਣਜੀਤ ਸਿੰਘ ਵੇਲੇ ਕੁੱਲ ਰਕਮ ਜਮ੍ਹਾਂ ਹੋ ਕੇ ਖਜ਼ਾਨੇ ਜਾਂਦੀ ਰਹੀ। ਹੁਣ ਸਰਕਾਰ ਅੰਗਰੇਜ਼ੀ ਸੰਮਤ 1906 ਤੋਂ ਜਦ ਦਾ ਕਬਜ਼ਾ ਹੋਯਾ ਹੈ ਤਹਿ ਜ਼ਮੀਨੀ ਵਸੂਲ ਕਰਦੀ ਹੈ, ਜਿਸ ਦੀ ਸਾਲਾਨਾ ਆਮਦਨੀ 1869 ਈ: ਵਿਚ 6140/- ਰੁਪਏ ਸੀ ਅਤੇ ਸੰਮਤ 1936 ਵਿਚ ਇਹ ਰਕਮ ਵਸੂਲ ਕਰਨ ਲਈ ਤਿੰਨ ਲੰਬਰਦਾਰ ਥਾਪੇ ਗਏ। ਜਿਨ੍ਹਾਂ ਨੂੰ 370/ ਰੁਪਏ ਇਕ ਆਨਾ ਦੋ ਪੈਸੇ ਸਿਲ੍ਹੇ ਵਿਚ ਮਿਲਦਾ ਹੈ ਸ਼ਸ਼ਮਾਹੀ। ਯਾਦ ਰਹੇ ਕਿ ਕਟੜਾ ਆਹਲੂਵਾਲੀਆਂ, ਭੰਗੀਆਂ, ਨਿਹਾਲ ਸਿੰਘ ਅਟਾਰੀ ਵਾਲਾ, ਕਟੜਾ ਹਕੀਮਾਂ ਅੰਤੇ ਬਾਜ਼ਾਰ ਗੁਰੂ ਕੇ ਆਦਿ ਦੇ ਮਕਾਨਾਂ ਤੋਂ ਕੁਝ ਤਹਿ ਜ਼ਮੀਨੀ ਦੀ ਰਕਮ ਮਾਲਕ ਕਟੜਾ ਵੀ ਲੈਂਦੇ ਹਨ ਅਤੇ ਸਰਕਾਰ ਵੀ।

## ਹਾਲ ਸ਼ਹਿਰ

ਇਸ ਸ਼ਹਿਰ ਦੀ ਫਸੀਲ ਦੀ ਨੀਂਹ ਪਹਿਲੀ ਕੱਤਕ ਸੰਮਤ 1889 ਨੂੰ ਮੀਆਂ ਯਾਰ ਮੁਹੰਮਦ ਖਾਂ ਮਿਸਤਰੀ ਨੇ ਮਹਾਂ ਸਿੰਘ ਦੇ ਕਟੜੇ ਤੋਂ ਆਰੰਭੀ। ਸੰਮਤ 1882 ਵਿਚ ਗਨੇਸ਼ ਦਾਸ ਅਫਸਰ ਅਮਾਰਤ ਤੋਂ ਇਹ ਕੰਮ ਲੈ ਕੇ ਸ: ਦੇਸਾ ਸਿੰਘ ਮਜੀਠੀਏ ਦੇ ਸੁਪੁਰਦ ਹੋਇਆ, ਜਿਹੜਾ ਮਹਾਰਾਜਾ ਰਣਜੀਤ ਸਿੰਘ ਨੇ ਫੇਰ ਸੰਮਤ 1889 ਵਿਚ ਸ: ਲੈਹਣਾ ਸਿੰਘ ਪੁੱਤਰ ਸ: ਦੇਸਾ ਸਿੰਘ ਨੂੰ ਸੌਂਪਿਆਂ ਕਿਉਂਕਿ ਸ: ਦੇਸਾ ਸਿੰਘ ਪਹਾੜੀ ਰਾਜਿਆਂ ਦਾ ਬੰਦੋਬਸਤ ਕਰਨ ਲਈ ਉਧਰ ਦਾ ਨਾਜ਼ਮ ਥਾਪਿਆ ਗਿਆ ਅਤੇ ਇਨ੍ਹਾਂ ਦਿਨਾਂ ਵਿਚ ਹੀ ਸ਼ਹਿਰ ਦਾ ਇਕ ਮਸ਼ਹੂਰ ਸ਼ਾਹੂਕਾਰ ਰਾਮਾਨੰਦ ਬਹੁਤ ਸਾਰੀ ਦੌਲਤ ਛੱਡ ਕੇ ਲਾਵਲਦ ਮੋਇਆ ।

ਉਸਨੂੰ ਮਹਾਰਾਜਾ ਜੀ 'ਬਾਵਾ ਜੀ ' ਕਿਹਾ ਕਰਦੇ ਸਨ । ਇਸ ਹੱਕ ਨਾਲ ਉਸ ਦੀ ਸੇਠਾਣੀ ਤੋਂ ਜਿਹੜੀ ਮਹਾਰਾਜਾ ਦੀ ਮਾਤਾ ਬਣੀ ਹੋਈ ਸੀ ; ਮਹਾਰਾਜਾ ਨੇ 7 ਲੱਖ ਰੁਪਇਆ ਲੈ ਕੇ ਫਸੀਲ ਉਤੇ ਲਾਇਆ । ਸਾਢੇ ਤਿੰਨ ਲੱਖ ਕੱਚੀ ਫਸੀਲ ਤੇ ਲਾਇਆ, ਇਕ ਲੱਖ ਅਠਾਈ ਹਜ਼ਾਰ ਧੂੜ ਕੋਟ ਉੱਤੇ

Digitized by Panjab Digital Library | www.panjabdigilib.org

ਅਤੇ 1 ਲੱਖ 20 ਹਜ਼ਾਰ ਬਾਰ੍ਹਾਂ ਦਰਵਾਜ਼ਿਆਂ ਉੱਤੇ ਕੁਲ ਖਰਚ 6 ਲੱਖ 30 ਹਜ਼ਾਰ ਹੋਇਆ। ਸੰਮਤ 1883 ਤੋਂ ਲੈਕੇ ਸੰਮਤ 1896 ਤਕ ਮਹਾਰਾਜਾ ਦੇ ਅਖੀਰ ਦਮ ਤਕ ਕੰਮ ਤੁਰਿਆ ਰਿਹਾ।

ਫੇਰ ਜਦੋਂ ਮਹਾਰਾਜਾ ਸ਼ੇਰ ਸਿੰਘ ਸੰਮਤ 1898 ਵਿਚ ਗੱਦੀ ਉੱਤੇ ਬੈਠਾ ਤਾਂ ਫਿਰ ਕੰਮ ਤੁਰਿਆ ਅਤੇ 5 ਲੱਖ 57 ਹਜ਼ਾਰ 460 ਰੁਪਏ ਲੱਗੇ ਅਤੇ 12 ਦਰਵਾਜ਼ਿਆਂ ਦੇ ਬਣਨ ਵਿਚ ਕਰੀਬ ਬਹਤੱਰ (72,000) ਹਜ਼ਾਰ ਅਤੇ ਦਰਵਾਜ਼ਿਆਂ ਦੇ ਕਾਠ ਦੇ ਤਖਤਿਆਂ ਦੇ ਉਤੇ ਲਗਭਗ 18000 ਲੱਗਾ, ਅਤੇ ਸੱਤ ਦਰਵਾਜ਼ੇ ਧੂੜਕੋਟ ਦਿਆਂ ਕਾਠੀ ਤਖਤਿਆਂ ਦੇ ਉਤੇ ਲਗਭਗ 10000 ਰੁ : ਕੁਲ ਖਰਚ 607460 ਰੁਪਏ ਹੋਇਆ, ਪਹਿਲੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਅਤੇ ਮਗਰਲਾ ਮਹਾਰਾਜਾ ਸ਼ੇਰ ਸਿੰਘ ਵਾਲਾ ਰਲਾ ਕੇ ਕੁਲ 1640460 ਰੁਪਏ ਲੱਗਾ। ਅਠ ਹਜ਼ਾਰ ਸਤ ਸੌ ਚੌਵੀ ( 8724 ) ਫਸੀਲ ਦੀ ਇਮਾਰਤ ਦੀ ਗਜ਼ਾਂ ਵਿਚ ਲੰਮਾਈ ਹੈ, ਹਰ ਚੋਹਾਂ ਤਰਫਾਂ ਤੋਂ ਇਕੋ ਜਿੰਨੀ ਲੰਮੀ ਹੈ। 10 ਗੱਜ਼ ਚੋੜਾ. ਧੂੜ ਕੋਟ ਕੱਚਾ ਅਤੇ 2 ਗੱਜ਼ ਆਧਾਰ ਪੱਕੀ ਦੀਵਾਰ ਦਾ। ਇਸ ਤਰ੍ਹਾਂ ਕੁਲ ਫਸੀਲ ਸ਼ਹਿਰ ਦੀ ਤਿਆਰ ਹੋਈ। ਜਿਸ ਵਿਚ ਵੀਹ ਵੀਹ ਬੁਰਜ ਹਰ ਇਕ ਦਰਵਾਜ਼ੇ ਦੇ ਵਿਚਕਾਰ ਸਨ। ਜੋ ਕੁਲ 140 ਹੋਏ। ਅੰਗਰੇਜ਼ਾਂ ਨੇ ਇਸ ਧੂੜ ਕੋਟ ਦੀ ਮਿੱਟੀ ਫਸੀਲ ਦੀਆਂ ਇੱਟਾਂ ਢਾਹ ਕੇ ਵੇਚ ਦਿੱਤੀਆਂ। ਉਸ ਦੀ ਥਾਂ ਇਕ ਪੁਖਤਾ ਦੀਵਾਰ ਡੇਢ ਗਜ਼ ਅਮਾਰਤੀ ਅਧਾਰ 12 ਗੱਜ਼ ਉਚੀ ਸ਼ਹਿਰ ਦੇ ਚੌਤਰਫੀ 1941 ਵਿਚ ਤਿਆਰ ਕਰਵਾਈ ਅਤੇ ਪਹਿਲੇ ਦਰਵਾਜ਼ੇ ਵੀ ਢਾਹ ਦਿੱਤੇ। ਖਾਈ ਦੀ ਥਾਂ ਮਿੱਟੀ ਪਵਾ ਕੇ ਬਗੀਚੇ ਪੈਲੀਆਂ ਕਰਵਾ ਦਿੱਤੀਆਂ। ਜਿਸ ਫਸੀਲ ਦੇ ਨਾਲ ਨਾਲ ਚੰਦ ਥਾਈਂ ਪੁਲਿਸ ਦੇ ਰਹਿਣ ਵਾਸਤੇ ਲੈਣਾਂ ਬਣਵਾਈਆਂ ਗਈਆਂ ਹਨ।

## ਹਾਲ ਸਰੋਵਰ

ਸਰੋਵਰ ਦੀ ਖੁਦਾਈ ਦਾ ਕੰਮ ਤਾਂ ਭਾਵੇਂ ਗੁਰੂ ਰਾਮ ਦਾਸ ਜੀ ਨੇ ਹੀ ਸ਼ਹਿਰ ਦੀ ਨੀਂਹ ਵੇਲੇ ਅਰੰਭਿਆ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਸੰਮਤ 1640 ਵਿਚ ਇਸ ਤਲਾ ਨੂੰ ਪੁਟਵਾਉਣਾ ਅਤੇ ਪੱਕਾ ਕਰਨਾ ਅਰੰਭਿਆ ਅਤੇ ਆਵੇ ਚੜ੍ਹਾਏ ਗਏ। ਹੁਣ ਕਈ ਤਾਂ ਮੀਆਂ ਮੀਰ ਵਲ ਅਤੇ ਕਈ ਮਸੰਦਾਂ ਦੇ ਕੱਚੇ ਕੰਮ ਵਲ ਇਸ ਦੇ ਤਬਾਹ ਹੋਣ ਦੀ ਪੈਸ਼ੀਨ ਗਈ ਨੂੰ ਮਨਸੂਬ ਕਰਦੇ ਹਨ। ਜਦੋਂ ਅਬਦਾਲੀ ਨੇ ਸੰਮਤ 1819 ਵਿਚ ਆ ਕੇ ਹਰਿਮੰਦਰ ਨੂੰ ਬੂਰੂਦ ਨਾਲ ਉਡਾਇਆ, ਸਰੋਵਰ ਮਿੱਟੀ ਨਾਲ ਭਰਿਆ ਅਤੇ ਸ਼ਹਿਰ ਉਜਾੜ ਦਿੱਤਾ ਤੇ ਲੁਟ ਲਿਆ।

Digitized by Panjab Digital Library | www.panjabdigilib.org

ਸੰਮਤ ( 1821) ਵਿਚ ਪੰਥ ਨੇ ਇਕ ਸਲਾਹ ਹੋਕੇ ਬਹੁਤ ਰੁਪਿਆ ਇਕਠਾ ਕੀਤਾ ਅਤੇ ਭਾਈ ਦੇਸ ਰਾਜ ਨਾਮੀ ਜ਼ਿਮੀਦਾਰ ਸੁਰ ਸਿੰਘ ਵਾਲੇ ਨੂੰ ਦਿਆਨਤ ਦਾਰ ਅਤੇ ਨੇਕ ਸਮਝਕੇ ਇਹ ਕੰਮ ਉਸ ਨੂੰ ਸੌਂਪਿਆ ਅਤੇ ਇਕ ਮੋਹਰ ਗੁਰੂ ਕੇ ਨਾਮ ਦੀ , ਰੁਪਿਆ ਇਕਠਾ ਕਰਨ ਵਾਸਤੇ ਦਿੱਤੀ ਗਈ । ਜਿਸ ਸਿੱਖ ਸਰਦਾਰ ਵਲ ਰੁਪਏ ਵਾਸਤੇ ਮੋਹਰ ਲਾ ਕੇ ਖਤ ਘੱਲਿਆ ਜਾਂਦਾ , ਉਹ ਹੁਕਮਨਾਮਾ ਸਮਝਕੇ ਉਸ ਵੇਲੇ ਰੁਪਿਆ ਘਲ ਦਿੰਦਾ ਗੁਰੂ ਦਵਾਰਾ ਹਰਮਿੰਦਰ ਵਾਸਤੇ । ਸੰਮਤ 1833 ਬਿਕਰਮੀ ਵਿਚ ਤਲਾ ਅਤੇ ਹਰਮਿੰਦਰ ਦੀ ਇਮਾਰਤ ਬਣ ਗਈ ਅਤੇ ਪੁਲ ਤੇ ਦਰਸ਼ਣੀ ਦਰਵਾਜ਼ਾ ਸਾਦੇ ਪਰ ਬਹੁਤ ਪੱਕੇ ਬਣਵਾਏ ਗਏ। ਉਸ ਵੇਲੇ ਸਰੋਵਰ ਦੇ ਗਿਰਦੇ ਬੁੰਗਾ ਆਦਿ ਕੋਈ ਮਕਾਨ ਨਹੀਂ ਸੀ ॥ ਮਗਰੋਂ ਹੀ ਚੁਤਰਫੀ ਸਿਖ ਸਰਦਾਰਾਂ ਨੇ ਬੁੰਗੇ ਬਣਵਾਏ ਅਤੇ ਦਰਸ਼ਨੀ ਦਰਵਾਜ਼ਾ ਲਗਭਗ 3000 ਰੁ: ਨਾਲ ਬਣਵਾਇਆ । ਫੇਰ ਸਰੋਵਰ ਦੀਆਂ ਪੌੜੀਆਂ ਜੋ ਤੁਰਕਾਂ ਨੇ ਤੋੜ ਛੱਡੀਆਂ ਸਨ ਅਤੇ ਪਰਕਰਮਾਂ, ਦੋਵੇਂ , ਵਡੇ ਪੋਣੇ ਅਤੇ ਮਕਾਨ ਦੁਖ ਭੰਜਨੀ ਆਦਿ ਦਾ ਕੰਮ ਤੁਰਿਆ , ਜੋ ਸੰਮਤ1841 ਨੂੰ ਮੁੱਕਾ । ਕੰਮ ਬੜਾ ਪੱਕਾ ਅਤੇ ਸ਼ਲਾਘਾਯੋਗ ਸੀ। ਕਹਿੰਦੇ ਹਨ ਕਿ ਸੇਵਾ ਭ: ਦੇਸ ਰਾਜ ਰਾਹੀਂ ਹੋਈ। ਕਈ ਇਕ ਪਰੇਮੀ ਸਿੰਘ ਜਿਵੇਂ ਸ : ਜੱਸਾ ਸਿੰਘ ਆਹਲੂਵਾਲੀਆ ਆਦਿ ਇਸੇ ਕੰਮ ਦੇ ਪੂਰਾ ਕਰਵਾਉਣ ਵਿਚ ਹਰ ਤਰ੍ਹਾਂ ਲਗੇ ਰਹਿੰਦੇ ਸਨ। ਸੰਗਮਰਮਰ ਦੇ ਹੇਠਲੀ ਫਰਸ਼ੀ ਪਰਕਰਮਾਂ ਬਹੁਤ ਹੀ ਪੱਕੀ ਅਤੇ ਅਜਬ ਢੰਗ ਦੀ ਹੈ। ਸੰਗਮਰਮਰ ਲਾਉਣ ਵੇਲੇ ਚੂਨਾ ਇੱਟ ਦੀ ਅਮਾਰਤ ਤੋੜਨੀ ਬੜੀ ਕਠਨ ਹੁੰਦੀ ਹੈ। ਸੰਮਤ 1860 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜ ਲੱਖ ਦਾ ਸੋਨਾ ਹਰਿਮੰਦਰ ਉਤੇ ਚੜ੍ਹਾਉਣ ਲਈ ਭਾਈ ਸੰਤ ਸਿੰਘ ਗਿਆਨੀ ਦੇ ਸਪੁਰਦ ਕੀਤਾ ਜਿਸ ਆਪਣੀ ਵਲੋ ਯਾਰ ਮਹੰਮਦ ਮਿਸਤਰੀ ਨੂੰ ਮੁਕਰੱਰ ਕੀਤਾ।

ਪਹਿਲੋਂ ਦਰਸ਼ਣੀ ਦਰਵਾਜ਼ੇ ਵਾਸਤੇ ਹਾਥੀ ਦੰਦ ਦੀ ਜੋੜੀ ਬੜੇ ਮੁੱਲ ਤੋਂ ਤਿਆਰ ਹੋਈ, ਮਗਰੋਂ ਸੁਨਹਿਰੀ ਛੱਤ ਸ਼ੁਰੂ ਹੋਈ। ਫੇਰ ਦਰਬਾਰ ਸਾਹਿਬ ਦੇ ਚਾਰੇ ਬੰਗਲਿਆਂ ਉੱਤੇ ਸੁਨਹਿਰੀ ਕੰਮ ਹੋਣ ਦਾ ਹੁਕਮ ਹੋਇਆ, ਜਿਨ੍ਹਾਂ ਵਿਚ ਜਨੂਬ ਮਗਰਬ ( ਦੱਖਣ -ਪੱਛਮ ) ਵਾਲੇ ਬੰਗਲੇ ਉਤੇ ਸ: ਹੁਕਮਾ ਸਿੰਘ ਚਿਮਨੀ ਨੇ ਸੋਨਾ ਚੜ੍ਹਵਾਯਾ । ਬਾਕੀ ਤਿੰਨ ਬੰਗਲੇ ਅਤੇ ਛੋਟੀਆਂ ਬੁਰਜੀਆਂ ਮਹਾਰਾਜੇ ਦੇ ਖਰਚੋਂ ਸੁਨਹਿਰੀ ਹੋਈਆਂ , ਜਿਨ੍ਹਾਂ ਉਤੇ ਤਿੰਨ ਲੱਖ ਬਤਾਲੀ ਹਜ਼ਾਰ ਛੇ ਸੌ ਪੈਂਤੀ ਰੁ: ਦਾ ਸੋਨਾ ਲੱਗਾ, ਅਤੇ ਵਿਚਲੇ ਵੱਡੇ ਗੁੰਬਦ ਉਤੇ ਸ: ਫਤਿਹ ਸਿੰਘ ਆਹਲੂਵਾਲੀਏ ਨੇ ਢਾਈ ਲੱਖ ਦਾ ਸੋਨਾ ਲਾਇਆ ।

Digitized by Panjab Digital Library | www.panjabdigilib.org

ਭਾਈ ਸੰਤ ਸਿੰਘ ਮਗਰੋਂ ਉਸ ਦੇ ਪੁੱਤਰ ਭਾਈ ਗੁਰਮੁੱਖ ਸਿੰਘ ਦੇ ਵੇਲੇ ਪੰਜ ਲੱਖ ਤਿੰਨ ਹਜ਼ਾਰ ਸੱਤ ਸੌ ਪੈਂਤੀ ਰੁਪਏ ਦਾ, ਮਹਾਰਾਜਾ ਸ਼ੇਰ ਸਿੰਘ ਦਾ ਸੋਨਾ ਚੜ੍ਹਿਆ । ਸੰਮਤ 1890 ਵਿਚ ਸ: ਲੈਹਣਾ ਸਿੰਘ ਮਜੀਠੀਏ ਨੇ ਦਸ ਹਜ਼ਾਰ ਦਾ ਸੰਗਮਰਮਰ ਅਹਿਮਦ ਯਾਰ ਖਾਂ ਮਿਸਤਰੀ ਦੀ ਮਾਰਫਤ ਮੰਗਵਾ ਕੇ ਛੋਟੀ ਪਰਕਰਮਾਂ ਵਿਚ ਲਗਵਾਇਆ । ਜਿਸ ਨੂੰ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਬੜਾ ਖੁਸ਼ ਹੋਇਆ ਅਤੇ ਆਪਣੇ ਵਲੋਂ ਇੱਕੀ ਹਜ਼ਾਰ ਦਾ ਸੰਗਮਰਮਰ ਮੰਗਵਾਇਆ । ਸੰਮਤ 1893 ਵਿਚ ਮਹਾਰਾਜਾ ਦੇ ਹੁਕਮ ਨਾਲ ਬਹੁਤ ਖਰਚ ਕਰਕੇ ਹਰਿਮੰਦਰ ਦੀਆਂ ਕੰਧਾਂ ਉੱਤੇ ਸੰਗਮਰਮਰ ਵਿਚ ਕੀਮਤੀ ਅਕੀਕਾਂ ਨਾਲ ਗੁਲਕਾਰੀ ਅਤੇ ਤਸਵੀਰਾਂ ਲਵਾਈਆਂ ਗਈਆਂ ਅਤੇ ਕਾਰੀਗਰ ਮਾਲਾ ਮਾਲ ਕੀਤੇ ਗਏ। ਸੰਮਤ 1894 ਵਿਚ ਚਾਰ ਬੁੰਗੇ ਤਾਂ ਕੱਚੇ ਸਮੇਤ ਵਡੇ ਤਖਤਿਆਂ ਅਤੇ ਫਰਸ਼ ਅਤੇ ਪੌੜੀਆਂ ਦੇ ਬਣਵਾਏ ਗਏ, ਜੋ ਸਰਕਾਰ ਵਾਲੇ ਬੁੰਗੇ ਵੱਲ ਹੈ। ਇਹ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦਿਆਂ ਹੀ ਬਣਿਆ । ਮਹਾਰਾਜਾ ਖੜਕ ਸਿੰਘ ਵੇਲੇ ਪੰਜਾਹ ਹਜ਼ਾਰ ਦਾ ਸੰਗਮਰਮਰ ਲੱਗਾ, ਜਿਸ ਨਾਲ ਤਕੀਦ ਅਤੇ ਤਵਜਹ (ਧਿਆਨ ) ਨਾਲ ਪੰਜ ਸੋ ਕਾਰੀਗਰ ਅਤੇ ਅਠ ਸੌ ਮਜ਼ੂਰ ਲੱਗ ਕੇ ਦਰਸ਼ਨੀ ਦਰਵਾਜ਼ਿਉਂ ਅਕਾਲ ਬੁੰਗੇ ਦੇ ਚੌਕ ਤੀਕ ਅਤੇ ਫਵਾਰੇ ਤੇ ਘੜੀਆਲ ਬੁੰਗੇ ਦੇ ਮੁਕਾਬਲ ਨਕਸ਼ ਨਗਾਰ ਕੰਵਰ ਨੌਨਿਹਾਲ ਸਿੰਘ ਜੀ ਦੇ ਹੁਕਮ ਨਾਲ ਹੋਇਆ ।ਆਪ ਜੀ ਦੀ ਮਰਜ਼ੀ ਐਸੀ ਹੀ ਪਰਕਰਮਾਂ ਅਤੇ ਮੰਦਰ ਤਰਨਤਾਰਨ ਦਾ ਬਣਵਾਂਉਣ ਦੀ ਸੀ ਬਲਕਿ ਤਿੰਨ ਲੱਖ ਦਾ ਸੰਗਮਰਮਰ ਆਉਣ ਲਈ ਮਿਸਤਰੀ ਅਹਿਮਦ ਆਦਿ ਨੂੰ ਬਹੁਤ ਸਾਰੀਆਂ ਗੱਡੀਆਂ ਦੇਕੇ ਜੋਧਪੁਰ ਨੂੰ ਤੋਰ ਦਿਤਾ ਸੀ. ਪਰ ਅਚਾਣਕ ਮੌਤ ਕਰਕੇ ਸੰਗਮਰਮਰ ਜੋ ਅਜੇ ਰਾਹ ਵਿਚ ਹੀ ਆ ਰਿਹਾ ਸੀ ਅਤੇ ਕੁਝ ਕੁ ਅੰਮ੍ਰਿਤਸਰ ਪੁਜ ਚੁੱਕਾ ਸੀ, ਸਭ ਲੋਕਾਂ ਨੇ ਜਿੱਥੇ ਕਿੱਥੇ ਲੁਟ ਲਿਆ। ਪਰ ਅਮਾਰਤ ਦਰਬਾਰ ਸਾਹਿਬ ਦੀ ਸੇਵਾ ਰਾਣੀ ਚੰਦ ਕੌਰ ਨੇ ਬਰਾਬਰ ਜਾਰੀ ਰੱਖੀ । ਮਹਾਰਾਜਾ ਸ਼ੇਰ ਸਿੰਘ ਵੇਲੇ ਫਰਸ਼ ਪਰਕਰਮਾਂ , ਬੁੰਗਾ ਕੰਵਰ ਨੌ ਨਿਹਾਲ ਸਿੰਘ ਵਲੋਂ ਅਤੇ ਫਰਸ਼, ਚੌਗਾਨ, ਦਰਸ਼ਨੀਂ ਦਰਵਾਜ਼ਾ ਅਤੇ ਜੜਤ ਦਾ ਕੰਮ ਬਰਾਬਰ ਤੁਰਿਆ ਰਿਹਾ । ਇਸ ਪਿਛੋਂ ਰਾਜਾ ਹੀਰਾ ਸਿੰਘ ਨੇ ਕੁਝ ਧਿਆਨ ਨਾ ਦਿੱਤਾ ਅਤੇ ਕੰਮ ਇਕ ਵਰ੍ਹਾ ਬੰਦ ਰਿਹਾ ਪਰ ਫਿਰ ਜਵਾਹਰ ਸਿੰਘ ਨੇ ਭਾਈ ਪਰਦੁਮਣ ਸਿੰਘ ਗਿਆਨੀ ਦੀ ਮਾਰਫਤ ਫੇਰ ਕੰਮ ਤੋਰਿਆ ਅਤੇ ਹੋਰ ਖਰਚੇ ਤੋਂ ਛੁਟ ਮੁਰੰਮਤ ਦਰਬਾਰ ਸਾਹਿਬ ਵਾਸਤੇ ਪੰਜ ਹਜ਼ਾਰ ਸਾਲਾਨਾ ਦੀ ਸਦਾ ਲਈ ਜਗੀਰ ਦੇ ਦਿੱਤੀ । ਮਗਰੋਂ ਅਗੰਰੇਜ਼ਾਂ ਵੇਲੇ ਵੀ ਛੇ ਹਜ਼ਾਰ ਸਾਲਾਨਾ ਦੀ ਜਗੀਰ

Digitized by Panjab Digital Library | www.panjabdigilib.org

ਅਮਾਰਤ ਵਾਸਤੇ ਸਦਾ ਲਈ ਹੈ। ਇਹ ਕੰਮ ਪਰਦੁਮਣ ਸਿੰਘ ਦੇ ਪੁੱਤਰ ਭਾਈ ਗੁਰਬਖਸ਼ ਸਿੰਘ ਦੀ ਮਾਰਫਤ ਹੁੰਦਾ ਰਿਹਾ ।

## ਹਾਲ ਦਰਸ਼ਨੀ ਦਰਵਾਜ਼ਾ

ਦਰਸ਼ਨੀ ਦਰਵਾਜ਼ੇ ਅਤੇ ਅਕਾਲ ਬੁੰਗੇ ਦੇ ਵਿਚਕਾਰਲਾ ਦਾਲਾਨ ਚਾਲੀ ਗਜ਼ ਅਮਾਰਤੀ, ਲੰਮਾ ਅਤੇ ਚੌਤੀ ਗਜ਼ ਚੌੜਾ ਹੈ । ਇੱਥੇ ਪਹਿਲੋਂ ਇਕ ਆਲੀਸ਼ਾਨ ਚਾਰ ਮੰਜ਼ਲਾ ਪੱਕਾ ਮਕਾਨ ਸੀ ਖਜ਼ਾਨਾ ਰੱਖਣ ਲਈ, ਜੋ ਢਾਹਿਆ ਗਿਆ ਅਤੇ ਖਜ਼ਾਨਾ ਦਰਵਾਜ਼ੇ ਉੱਤੇ ਰੱਖਿਆ ਜਾਂਦਾ ਹੈ। ਇਹ ਦਰਵਾਜ਼ਾ ਜਨੂਬ (ਦੱਖਣ ) ਵੱਲ ਦੁਮੰਜ਼ਲਾ ਅਤੇ ਸ਼ਮਾਲ (ਉਤੱਰ) ਵਲ ਤਿਮੰਜ਼ਲਾ ਹੈ ਭਾਈ ਦੇਸ ਰਾਜ ਦੇ ਵੇਲੇ ਇਕ ਮੰਜ਼ਲਾ ਹੀ ਬਣਿਆ ਸੀ। ਸੰਮਤ 1898 ਵਿਚ ਮਹਾਰਾਜਾ ਸ਼ੇਰ ਸਿੰਘ ਨੇ ਇਸ ਦਰਵਾਜ਼ੇ ਦੇ ਜਨੂਬ ਵਲ ਇਕ ਜ਼ਨਾਨਾ ਗੁਸਲਖਾਨਾ ਬਣਵਾਇਆ । ਉਸ ਉਤੇ ਤੋਸ਼ਾ ਖਾਨਾ ਬਣਾਇਆ ਗਿਆ ਜਿਸ ਦੇ ਛੇ ਦਰਵਾਜ਼ੇ ਹਨ ਤਿੰਨ ਅਕਾਲ ਬੁੰਗੇ ਵਲ ਅਤੇ ਤਿੰਨ ਦਰਬਾਰ ਸਾਹਿਬ ਵਲ ਹਨ। ਇਸ ਦਰਵਾਜ਼ੇ ਉਤੇ ਦੋ ਬੰਗਲੇ ਮਹਿ ਬਰਾਂਡੇ ਦੇ ਬਣਾਏ ਗਏ। ਇਕ ਬੁਖਾਰਚਾ ਵੀ ਬਣਾਇਆ ਗਿਆ ਜਿਸ ਵਿਚ ਗੁਰੂ ਗਰੰਥ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਇਕ ਦਾਲਾਨ ਜਿਸ ਦੇ ਤਿੰਨ ਦਰਵਾਜ਼ੇ ਝੰਡੇ ਸਾਹਿਬ ਦੇ ਸਾਹਮਣੇ ਹਨ, ਵੀ ਇਸ ਸਮੇਂ ਬਣਿਆ । ਇਕ ਦਰਵਾਜ਼ੇ ਹੇਠ ਦਫਤਰ ਗੁਰਦਵਾਰਾ ਸਾਹਿਬ ਦਾ, ਦੂਜੇ ਹੇਠ ਇਕ ਕੋਠੜੀ ਵਿਚ ਤੋਸ਼ੇ ਖਾਨੇ ਦਾ ਅਸਬਾਬ, ਤੀਜੇ ਹੇਠ ਇਕ ਪੌੜੀ ਜਿਸ ਦੀਆਂ ਅਕਤਾਲੀ ਪੌੜੀਆਂ ਬਣਦੀਆਂ ਹਨ। ਦਰਵਾਜ਼ੇ ਉਤੇ ਚਾਰ ਬੁਰੱਜੀਆਂ, ਚਾਰੇ ਗੁੱਠਾਂ ਉਤੇ ਬਤੌਰ ਬੰਗਲਿਆਂ ਦੇ ਹਨ। ਇਹ ਸੰਮਤ 1903 ਵਿਚ ਬਣੀਆਂ ਸਨ। ਇਕ ਬੰਗਲੇ ਉਤੇ ਜੋ ਦਰਬਾਰ ਸਾਹਿਬ ਵੱਲ ਹੈ, ਦੀਵਾਨ ਮੂੱਲ ਰਾਜ ਨੇ 1200/- ਰੁਪਏ ਦਾ ਸੋਨਾ ਚੜ੍ਹਾਇਆ ਸੀ , ਅਤੇ ਅਕਾਲ ਬੁੰਗੇ ਵਲ ਦੇ ਬੰਗਲੇ ਉਤੇ ਭਾਈ ਕਾਨ੍ਹ ਸਿੰਘ ਪਸ਼ੌਰੀਏ ਨੇ ਇਕ ਹਜ਼ਾਰ ਦਾ ਸੋਨਾ ਚੜ੍ਹਾਇਆ । ਦਰਸ਼ਨੀ ਦਰਵਾਜ਼ਾ ਬਾਹਰੋਂ 66 ਫੁੱਟ ਲੰਮਾ ਅਤੇ 36 ਫੁੱਟ ਸ਼ਰਕਨ ਚੌੜਾ ਹੈ । ਦਰਵਾਜ਼ੇ ਦੀ ਵੱਡੀ ਚੁਗਾਠ ਜੋ ਸੰਗਮਰਮਰ ਦੀ ਹੈ, 10 ਫੁੱਟ ਉਚੀ ਅਤੇ ਸਾਢੇ ਅੱਠ ਫੁੱਟ ਚੌੜੀ ਹੈ ਅਤੇ ਦਰਸ਼ਨੀ ਦਰਵਾਜ਼ੇ ਦੀ ਵੱਡੀ ਜੋੜੀ ਅੰਦਰੋਂ ਹਾਥੀ ਦੰਦ ਦੀ ਅਤੇ ਬਾਹਰੋਂ ਰੁਪਹਿਲੀ, ਮਹਾਰਾਜਾ ਰਣਜੀਤ ਸਿੰਘ ਵੇਲੇ ਬਣੀ ਸੀ । ਡਿਊੜ੍ਹੀ ਇਸ ਦਰਵਾਜ਼ੇ ਦੇ ਅੰਦਰੋਂ 25×14 ਫੁੱਟ ਹੈ । ਇਸ ਦੀ ਛੱਤ ਉੱਤੇ ਰਾਜਾ ਸੰਗਤ ਸਿੰਘ ਜੀਂਦ ਵਾਲੇ ਨੇ ਸੁਨਹਿਰੀ ਜੜਤ ਦਾ ਕੰਮ ਕਰਵਾਇਆ ਸੀ। ਬਾਹਰ ਇਕ ਸੁਰਾਹੀ

Digitized by Panjab Digital Library | www.panjabdigilib.org

ਭਾਈ ਪ੍ਰੇਮ ਸਿੰਘ ਨੇ ਸੁਨਹਿਰੀ ਤਿਆਰ ਕਰਵਾਈ। ਦੂਜੀ ਮਹਾਰਾਜਾ ਰਣਜੀਤ ਸਿੰਘ ਨੇ। ਦੋਹਾਂ ਤਰਫਾਂ ਦਾ ਸੁਨਹਿਰੀ ਕੰਮ ਮਾਰਫਤ ਸਰਦਾਰ ਭਾਗੋ ਵਾਲੀਆਂ ਦੇ ਕਰਵਾਇਆ ਅਤੇ ਦਰੀਚਾ ਦਰਸ਼ਣੀ ਦਰਵਾਜ਼ਾ ਜੋ ਅਕਾਲ ਬੁੰਗੇ ਵੱਲ ਹੈ, ਉਸ ਵਿਚ ਇਕ ਸੰਦਲੀ ਦਰੀਚਾ ਅਤੇ ਇਸ ਦਾ ਸੁਨਹਿਰੀ ਕੰਮ ਮਹਾਰਾਜੇ ਦੇ ਵੇਲੇ ਬਣਿਆ ਸੀ। ਦੂਜਾ ਸੁਨਹਿਰੀ ਦਰੀਚਾ ਸ. ਗੁਲਾਬ ਸਿੰਘ ਨੇ ਬਣਵਾਇਆ। ਜੋ ਲੁਤਫ ਇਸ ਦਰਵਾਜ਼ੇ ਨੂੰ ਵੇਖਿਆਂ ਆਉਂਦਾ ਹੈ ਸੋ ਪੜ੍ਹਿਆਂ ਨਹੀਂ ਆਉਂਦਾ। ਸ਼ਮਾਲ (ਉਤਰ ) ਵੱਲ ਦਰਵਾਜ਼ੇ ਦੀ ਕੋਠੜੀ ਵਿਚ ਗੁਰਦਵਾਰੇ ਅਤੇ ਦਰਬਾਰ ਸਾਹਿਬ ਦਾ ਦਫਤਰ , ਜਨੂਬ (ਦੱਖਣ ) ਵਲ ਦੀ ਕੋਠੜੀ ਵਿਚ ਤੋਸ਼ੇ ਖਾਨੇ ਦਾ ਸਮਾਨ ਅਰਥਾਤ ਜੋ ਨਜ਼ਰ ਭੇਟ ਆਕੇ ਸਾਲ ਦੇ ਸਾਲ ਨੀਲਾਮ ਹੁੰਦਾ ਹੈ, ਜਮ੍ਹਾਂ ਰਹਿੰਦਾ ਹੈ। ਇਥੇ ਇਕ ਨਗਾਰਾ, ਅਲਸੋਦਤ ਧਗ, ਜਿਸਦੇ ਬਰਾਬਰ ਹਿੰਦੂਸਤਾਨ ਵਿਚ ਵੀ ਨਕਾਰਾ ਯਾ ਨੌਬਤ ਨ ਹੋਵੇਗੀ, ਮਹਾਰਾਜਾ ਹੀਰਾ ਸਿੰਘ ਨਾਭਾ ਨੇ ਤਿਆਰ ਕਰਵਾਕੇ ਗੁਰੂ ਕੀ ਨਜ਼ਰ ਕੀਤਾ। ਸੰਮਤ 1923 ਵਿਚ ਇਸ ਦਰਵਾਜ਼ੇ ਦੇ ਅੰਦਰ ਬਾਹਰ ਸੰਗਮਰਮਰ ਲੱਗਣਾ ਸ਼ੁਰੂ ਹੋਇਆ , ਜੋ ਲੱਗ ਰਿਹਾ ਹੈ, ਬਲਕਿ ਕਈ ਇਕ ਪ੍ਰੇਮੀ ਸਿੱਖਾਂ ਨੇ ਸੁਨਹਿਰੀ ਕੰਮ ਕਰਵਾਇਆ ਹੈ।

## ਹਾਲ ਪੁਲ

ਇਹ ਪੁਲ 240 ਫੁੱਟ ਲੰਮਾਂ ਹੈ ਜਿਸ ਦੇ ਹੇਠਾਂ 38 ਸੁਰਗ ਦਵਾਰੀਆਂ ਹਨ, ਜਿਨ੍ਹਾਂ ਵਿਚ ਦੀ ਤੈਰਾਕ ਤਰਦੇ ਹਨ। ਦੁਵੱਲੀ ਦਸ ਦਸ ਬੁਰਜੀਆਂ ਸੰਗਮਰਮਰ ਦੀਆਂ ਹਨ, ਜਿਨ੍ਹਾਂ ਵਿਚ ਜਲਸੇ ਯਾ ਪੁਰਬ ਵੇਲੇ ਬਤੀ ਦੀ ਰੌਸ਼ਨੀ ਹੁੰਦੀ ਹੈ। ਇਕ ਇਕ ਬੁਰਜੀ ਦੇ ਵਿਚਕਾਰ ਪੰਜ-2 ਤਾਕਚੇ ਜਾਲੀਦਾਰ ਸੰਗਮਰਮਰ ਮੈਹ ਛੋਟੇ ਸਤੂਨਾਂ ਦੇ ਬਹੁਤ ਸੁੰਦਰ ਵੇਖਣ ਯੋਗ ਖੜੇ ਕੀਤੇ ਹੋਏ ਹਨ। ਪੁਲ ਉਤੇ ਸੰਗਮਰਮਰ ਦੀਆਂ ਸਿਲਾਂ ਹਨ, ਜਿਨ੍ਹਾਂ ਉਤੇ ਸਵੇਰੇ ਸ਼ਾਮ ਪਰੇਮੀ ਬੈਠ ਕੇ ਪਾਠ ਕਰਦੇ, ਸੁਣਦੇ ਹਨ। ਇਹ ਸਭ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਸੰਮਤ 1892 ਵਿਚ ਬਣਵਾਇਆ ਸੀ। ਪੁਲ ਦੀ ਸ਼ਮਾਲੀ ਬਾਰੀ ਵਲ ਇਕ ਧੁਪ ਘੜੀ, ਸਮੇਤ ਬੁਰਜੀ ਸੰਗਮਰਮਰ ਸੰਮਤ 1909 ਵਿਚ ਸ: ਲੈਹਿਣਾ ਸਿੰਘ ਮਜੀਠੀਏ ਨੇ ਆਪਣੇ ਹੱਥੀ ਬਣਾ ਕੇ ਲਗਾਈ ਸੀ ਜੋ ਜੇਬ ਘੜੀ ਵਾਂਗ ਵੇਲਾ ਦੱਸਦੀ ਹੈ। ਇਸ ਘੜੀ ਦਾ ਨਾਮ ਕਵੀ ਝੰਡਾ ਮਸ਼ਹੂਰ ਹੈ ਕਿਉਂਕਿ ਇਥੇ ਸ਼ਾਮ ਵੇਲੇ ਕਵੀਸ਼ਰਾਂ ਵਿਚ ਕਾਵਿ ਸ਼ਾਸਤਰ ਦੀ ਚਰਚਾ ਹੁੰਦੀ ਹੈ।

ਕਈ ਮੁਤਅਸਬ ਲੋਕ ਆਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਹ ਸੰਗਮਰਮਰ, ਜੋ ਪੁਲ ਉਤੇ ਲਗਵਾਇਆ ਹੈ, ਮਕਬਰਾ ਜਹਾਂਗੀਰ ਤੋ

Digitized by Panjab Digital Library | www.panjabdigilib.org

ਉਖੜਵਾ ਕੇ ਲਗਵਾਇਆ ਸੀ। ਪਰ ਇਹ ਉਨ੍ਹਾਂ ਦੀ ਸਰਾਸਰ ਭੁੱਲ ਹੈ। ਕਿਉਂਕਿ ਮਹਾਰਾਜਾ ਮੁਤਅਸਬ ਨਹੀਂ ਸੀ। ਜੇ ਕਰ ਐਸਾ ਹੁੰਦਾ ਤਾਂ ਕਿਲ੍ਹੇ ਦੇ ਦਰਵਾਜ਼ੇ ਅੱਗੇ ਵੱਡੀ ਸ਼ਾਹੀ ਮਸੀਤ ਕਿਸ ਤਰ੍ਹਾਂ ਖੜੀ ਰਹਿਣ ਦਿੰਦਾ, ਜਿਸ ਨੂੰ ਢਾਹੁਣ ਦਾ ਉਸ ਨੂੰ ਹਕ ਸੀ। ਜੋ ਕੁਝ ਕੀਤਾ ਉਸ ਨੇ ਆਪਣੇ ਖਜ਼ਾਨਿਉਂ ਖਰਚ ਕਰਕੇ ਕੀਤਾ ਹੈ ।

## ਹਾਲ ਛੋਟੀ ਪਰਕਰਮਾਂ

ਇਹ 66×13 ਫੁਟ ਹੈ। ਇਹ ਫਰਸ਼ ਬਹੁਤ ਕੀਮਤੀ ਚਿੱਟੇ ਪੱਥਰ ਦਾ ਸੰਮਤ 1891 ਵਿਚ ਸ: ਲੈਹਿਣਾ ਸਿੰਘ ਮਜੀਠੀਏ ਨੇ ਤਿਆਰ ਕਰਵਾਇਆ ਸੀ। ਇਸ ਦੀਆਂ ਚੌਹਾਂ ਨੁਕਰਾਂ ਉਤੇ ਚਾਰ ਬੰਗਲੇ ਅਤੇ ਦੋ ਦੋ ਬੁਰਜੀਆਂ , ਪੰਜ ਪੰਜ ਪਿੰਜਰੇ ਚਿੱਟੇ ਪੱਥਰ ਦੇ ਮਹਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਏ ਅਤੇ ਉਨ੍ਹਾਂ ਉਤਲਾ ਸੁਨਹਿਰੀ ਕੰਮ ਵੀ ਆਪ ਹੀ ਕਰਵਾਇਆ ।

## ਹਾਲ ਹਰ ਕੀ ਪੌੜੀ

ਦਰਬਾਰ ਸਾਹਿਬ ਦੇ ਮਸ਼ਰਕ (ਪੱਛਮ) ਵਲ ਇਕ ਮਕਾਨ ਤਿਗੋਸ਼ਾ (ਹਰਿ ਕੀ ਪੌੜੀ ) ਹੈ, ਜਿਸ ਦੀ ਛੱਤ ਸੰਮਤ 1894 ਵਿਚ ਤਿਆਰ ਹੋਈ। ਇਹ ਪੌੜੀਆਂ ਗਿਣਤੀ ਵਿਚ ਉੱਨੀ, ਸੰਗਮਰਮਰ ਦੀਆਂ ਹਨ। ਇਨ੍ਹਾਂ ਪੌੜੀਆਂ ਦੇ ਸ਼ਮਾਲ ਜਨੂਬ ਦੋ ਬੰਗਲੇ ਮੈਹ ਦੀਵਾਰ ਗਚ ਦੇ ਸੁਨਹਿਰੀ ਬਣੇ ਹੋਏ ਹਨ। ਪੌੜੀਆਂ ਦੀ ਅੰਦਰਲੀ ਛੱਤ ਉਤੇ ਪਹਿਲੋਂ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਗਿਲਟੀ ਕੰਮ ਕਰਵਾਇਆ ਜਿਸਨੂੰ ਸੰਮਤ1917 ਤੱਕ ਰਾਜਾ ਸਰੂਪ ਸਿੰਘ ਜੀਂਦ ਨੇ ਗਿਆਰਾਂ ਹਜ਼ਾਰ ਰੁਪਏ ਲਾ ਕੇ ਸੁਨਹਿਰੀ ਕੰਮ ਪੱਕਾ, ਮਾਰਫਤ ਮਹੰਤ ਸਾਹਿਬ ਸਿੰਘ ਦੇ ਬਣਵਾਇਆ ਅਤੇ 20 ਰੁਪਏ ਨਕਦ ਦਾ ਲੰਗਰ ਸਿੱਖਾਂ, ਬਿਹੰਗਮਾਂ ਲਈ ਲਾਇਆ, ਜੋ ਅੱਜ ਤੀਕ ਹੈ । ਹਰਿ ਕੀ ਪੌੜੀ ਤੇ ਦਰਬਾਰ ਸਾਹਿਬ ਦੇ ਵਿਚਕਾਰ ਨੁਕੱਰਈ ਛਤ ਤੇ ਸੰਗਮਰਮਰ ਦੀਆਂ ਕੰਧਾਂ ਸੰਮਤ 1877 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਅਤੇ ਸੰਮਤ 1894 ਨੂੰ ਖੜਕ ਸਿੰਘ ਨੇ ਤਿਆਰ ਕਰਵਾਈਆਂ ਜੋ ਚਾਂਦੀ ਦੀਆਂ ਹੋਣ ਕਰਕੇ ਅਕਸਰ ਕਾਲੀਆਂ ਹੋ ਜਾਂਦੀਆਂ ਸੀ। ਇਸ ਲਈ ਸੰਮਤ 1908 ਵਿਚ ਸਰਕਾਰ ਅੰਗਰੇਜ਼ੀ ਨੇ ਉਹ ਚਾਂਦੀ ਉਤਾਰ ਕੇ ਮਾਰਫਤ ਸ: ਜਵਾਲਾ ਸਿੰਘ ਸਰਬਰਾਹ ਦੇ ਵੇਚ ਕੇ ਸੁਨਹਿਰੀ ਛੱਤ ਬਣਵਾਈ ਅਤੇ ਛੱਤ ਹਰਿ ਕੀ ਪੌੜੀ ਦੀ ਦੁਮੰਜ਼ਲੀ ਸ: ਅਮੀਰ ਸਿੰਘ ਸੰਧਾਂ ਵਾਲੀਆ ਨੇ ਸੰਮਤ 1884 ਵਿਚ ਸੁਨਹਿਰੀ ਕਰਵਾਈ ਅਤੇ ਛੱਤ ਦੂਜੀ

Digitized by Panjab Digital Library | www.panjabdigilib.org

ਪੌੜੀ ਦੀ ਸੰਮਤ 1872 ਵਿਚ ਮਹਾਰਾਜਾ ਨੇ ਸੁਨਹਿਰੀ ਕਰਵਾਈ। ਬੁਖਾਰਚਾ ਹਰ ਕੀ ਪੌੜੀ ਦੇ ਉਤੇ ਜੋ ਭਾਈ ਦੇਸ ਰਾਜ ਦਾ ਬਣਵਾਇਆ ਹੋਇਆ ਹੈ, ਮਹਾਰਾਜਾ ਰਣਜੀਤ ਸਿੰਘ ਨੇ ਸੰਮਤ 1872 ਵਿਚ ਸੁਨਹਿਰੀ ਕਰਵਾਇਆ।

ਦਰਬਾਰ ਸਾਹਿਬ ਦੇ ਅੰਦਰ ਦੀ ਛੱਤ ਤਲਾਈ ਸੋਨੇ ਦੀ ਨੁਕਰਈ ਮੀਨਾਕਾਰੀ ਦੁਵੱਲੀ ਸ: ਤਾਰਾ ਸਿੰਘ ਗੈਬਾ ਨੇ ਸੰਮਤ 1862 ਵਿਚ ਤਿਆਰ ਕਰਵਾਈ ਅਤੇ ਛਤ ਤੀਜੀ ਤਰਫ ਦੀ ਸ: ਪਰਤਾਪ ਸਿੰਘ ਅਤੇ ਜੱਸਾ ਸਿੰਘ ਨੇ ਅਤੇ ਚੌਥੀ ਗੰਡਾ ਸਿੰਘ ਪਸ਼ੌਰੀਏ ਨੇ ਸੰਮਤ 1880 ਵਿਚ ਤਿਆਰ ਕਰਵਾਈ । ਛੱਤ ਦੂਜੀ ਮੰਜ਼ਲ ਦੀ ਸ਼ਮਾਲ ਵਲ ਦੀ ਸੰਮਤ 1847 ਨੂੰ ਸ: ਸੋਭਾ ਸਿੰਘ ਨਕਈ ਨੇ ਸੁਨਹਿਰੀ ਕਰਵਾਈ । ਏਸੇ ਬੰਨੇ ਦੀ ਕੰਧ ਦੀ ਨਕਾਸ਼ੀ ਮਹਾਰਾਜਾ ਨੇ ਸੰਮਤ 1806 ਨੂੰ ਜਨੂਬ (ਦੱਖਣ) ਵਲ ਦੀ ਛੱਤ ਸੰਮਤ 1843 ਨੂੰ, ਬੰਸੀ ਰਾਮ ਵਲਦ ਜੋਧ ਸਿੰਘ ਪਿੰਡ ਸੋਹਕ, ਦੀਵਾਨ ਭੰਗੀਆਂ ਨੇ ਬਣਵਾਈ। ਬਾਕੀ ਦੋਵੇਂ ਛੱਤਾਂ ਮੈਹ ਛਤ ਤੀਜੀ ਮੰਜ਼ਲ ਹਰ ਕੀ ਪੌੜੀ , ਬੁਖਾਰਚਾ ਅਤੇ ਸਭ ਤਖਤੇ ਤੇ ਦਰੀਚੇ ਦਰਬਾਰ ਸਾਹਿਬ ਦੇ ਉਪਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਰੁਪਏ ਨਾਲ ਬਣੇ। ਤੀਜੀ ਮੰਜ਼ਲ ਦੀ ਛੱਤ ਉਤੇ ਜੋ ਚੋਬੀ ਝੰਡਾ ਸੀ, ਸੰਮਤ 1892 ਨੂੰ ਲਾਲਾ ਰਾਮ ਕਿਸ਼ਨ, ਅਮੀਰ ਚੰਦ ਅਤੇ ਲਾਲ ਚੰਦ ਖੱਤਰੀਆਂ ਨੇ ਲੋਹੇ ਦੇ ਅਲਮ ਝੰਡੇ ਨੂੰ ਸੁਨਹਿਰੀ ਬਣਵਾ ਕੇ ਖੜਾ ਕੀਤਾ ਸੀ।

## ਹਾਲ ਖਾਸ ਅਮਾਰਤ ਦਰਬਾਰ ਸਾਹਿਬ

ਇਸ ਮੰਦਰ ਦੇ ਅੰਦਰ ਚਾਰ ਦਾਲਾਨਾ, ਚਾਰ ਕੋਠੜੀਆਂ, ਤਿੰਨ ਖੁਲ੍ਹੀਆਂ, ਜਿਨ੍ਹਾਂ ਵਿਚੋਂ ਲੰਘ ਕੇ ਲੋਕ ਪਰਕਰਮਾਂ ਕਰਦੇ ਹਨ, ਚੌਥੀ ਬੰਦ, ਜਿਸ ਵਿਚ ਖਜ਼ਾਨਾ ਰਹਿੰਦਾ ਹੈ । ਇਸ ਦੇ ਬਾਹਰ ਵਲੋਂ ਉਤੇ ਨੂੰ ਇਕ ਪੌੜੀ ਜਾਂਦੀ ਹੈ, ਵਿਚਕਾਰ ਮੰਦਰ ਦੇ ਚੌਕ ਹੈ, ਜਿਥੇ ਚੜ੍ਹਾਵਾ ਚੜ੍ਹਦਾ ਰਹਿੰਦਾ ਹੈ। ਮਸ਼ਰਕੀ (ਪੂਰਬੀ) ਦਾਲਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਹਨ। ਦਾਲਾਨ ਸ਼ਮਾਲ (ਉੱਤਰੀ) ਵਿਚ ਰਾਗੀ, ਰਬਾਬੀ ਹਰ ਵੇਲੇ ਕੀਰਤਨ ਕਰਦੇ ਹਨ। ਬਾਣੀ ਗੁਰੂ ਕੀ ਯਾ ਭਾਈ ਗੁਰਦਾਸ ਜੀ ਦੀ ਹੀ ਪੜ੍ਹਨ ਦੀ ਆਗਿਆ ਹੈ। ਦਾਲਾਨ ਮਗਰਬ ਵਲ ਪੁਜਾਰੀ ਅਤੇ ਦਰੋਗਾ ਹੁੰਦੇ ਹਨ ਅਤੇ ਦਾਲਾਨ ਜਨੂਬ (ਦੱਖਣ) ਵਲ ਸਿੱਖ ਸੰਤ ਅਨੰਦ ਲੈਂਦੇ ਹਨ। ਭਾਵੇਂ ਹਰ ਦਰਵਾਜ਼ੇ ਥਾਣੀ ਹੀ ਆ ਕੇ ਚੜ੍ਹਾਵਾ ਚੜ੍ਹਾ ਸਕੀਦਾ ਹੈ, ਪਰ ਬਹੁਤੇ ਮਗ਼ਰਬੀ ਦਰਵਾਜ਼ੇ ਥਾਣੀਂ ਹੀ ਆਉਂਦੇ ਹਨ । ਦਾਲਾਨ ਸ਼ਮਾਲ ਦੀ ਛੱਤ ਰਾਣੀ ਸਦਾ ਕੌਰ ਨੇ ਸੰਮਤ 1860 ਵਿਚ ਇਕ ਲੱਖ ਪਚੱਤਰ ਹਜ਼ਾਰ ਤਿੰਨ ਸੌ ਰੁਪਏ ਖਰਚ ਕੇ ਤਿਆਰ ਕਰਵਾਈ, ਬਾਕੀ ਤਿੰਨਾਂ ਦਾਲਾਨਾਂ

Digitized by Panjab Digital Library | www.panjabdigilib.org

ਦੀ ਛੱਤ ਉਸੇ ਨਕਸ਼ੇ ਉਤੇ ਸੰਮਤ 1875 ਤੋਂ ਲੈ ਕੇ ਸੰਮਤ 1888 ਤੱਕ ਮੈਹ ਦੀਵਾਰਾਂ ਮਰੱਸਹ ਮੀਨਾਕਾਰੀ ਦੇ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ , ਜਿਸ ਉਤੇ ਪੰਜ ਲੱਖ ਪੈਂਤੀ ਹਜ਼ਾਰ ਤਿੰਨ ਸੌ ਬੱਤੀ ਰੁਪਏ ਲੱਗੇ । ਅੰਦਰ ਇਸ ਮੰਦਰ ਦੇ ਜੇਹੜਾ ਸੰਗਮਰਮਰ ਹਰ ਇਕ ਦੀਵਾਰ ਵਿਚ ਤਿੰਨ ਫੁੱਟ ਉਚਾ ਲੱਗਾ ਹੋਇਆ ਹੈ ਇਹ ਸਭ ਸੰਮਤ 1909 ਵਿਚ ਦਰਬਾਰ ਸਾਹਿਬ ਦੀ ਜਗੀਰ ਵਿਚੋਂ ਲੱਗਾ ਹੈ। ਸਾਰਾ ਫਰਸ਼ ਸੰਗਮਰਮਰ ਅਤੇ ਚੌਹਾਂ ਦਰਵਾਜ਼ਿਆ ਦੀਆਂ ਚੌਬਟਨੀਆਂ ਸੰਮਤ 1894 ਵਿਚ ਮਹਾਰਾਜਾ ਨੇ ਬਿਆਸੀ ਹਜ਼ਾਰ ਛੇ ਸੌ ਬਾਨਵੇਂ ਰੁਪਏ ਲਾ ਕੇ ਬਣਵਾਇਆ ਅਤੇ ਮਗਰਬੀ ਦਰਵਾਜ਼ਿਆਂ ਦੇ ਨੁਕਰਈ ਤਖਤੇ ਮਹਾਰਾਜਾ ਨੇ ਸੰਮਤ 1889 ਵਿਚ ਤਿਆਰ ਕਰਵਾਏ । ਮਗਰੋਂ ਦਰਵਾਜ਼ਾ ਜਨੂਬ ਦੇ ਨੁਕਰਈ, ਰਾਣੀ ਨਕੈਣ ਨੇ ਸੰਮਤ 1887 ਵਿਚ, ਮਗਰੋਂ ਦਰਵਾਜ਼ਾ ਸ਼ਮਾਲ ਦੇ ਤਖਤੇ ਮਹਾਰਾਜਾ ਖੜਕ ਸਿੰਘ ਨੇ ਸੰਮਤ 1889 ਨੂੰ ਬਣਵਾਏ । ਇਹ ਚਾਰੇ ਜੋੜੀਆਂ ਤਖਤਿਆਂ ਦੀਆਂ ਸਦਾ ਚੜ੍ਹੀਆਂ ਰਹਿੰਦੀਆਂ ਹਨ ਜੋ ਦੱਸ ਹਜ਼ਾਰ ਨੂੰ ਬਣੀਆਂ ਸਨ। ਇਨ੍ਹਾਂ ਤੋਂ ਸਿਵਾ ਦੀਵਾਲੀ, ਵੈਸਾਖੀ, ਗੁਰਪੁਰਬ ਜਾਂ ਕਿਸੇ ਜਲਸੇ ਉਤੇ ਜੋ ਸੁਨਹਿਰੀ ਜੋੜੀਆਂ ਚੜ੍ਹਾਈਆਂ ਜਾਂਦੀਆਂ ਹਨ, ਇਕ ਜੋੜੀ ਮਹਾਰਾਜ ਰਣਜੀਤ ਸਿੰਘ ਨੇ, ਦੂਜੀ ਰਾਣੀ ਨਕੈਣ ਨੇ ਤੀਜੀ ਮਹਾਰਾਜਾ ਖੜਕ ਸਿੰਘ ਨੇ ਅਤੇ ਚੌਥੀ ਰਾਣੀ ਚੰਦ ਕੌਰ ਨੇ ਚੌਦਾਂ -ਚੌਦਾਂ ਹਜ਼ਾਰ ਇਕ ਜੋੜੀ ਉਤੇ ਖਰਚ ਕੇ ਚੜ੍ਹਾਈਆਂ ਸਨ। ਹੀਰਾ ਸਿੰਘ ਪੁੱਤਰ ਸ: ਧਰਮ ਸਿੰਘ ਨੇ ਕਈ ਇਕ ਦੋਸਤਾਂ ਦੇ ਵਰਗਲਾਉਣ ਨਾਲ ਇਨ੍ਹਾਂ ਚੌਹਾਂ ਹੀ ਸੁਨੈਹਿਰੀ ਜੋੜੀਆਂ ਦਾ ਅਸਲ ਸੋਨਾਂ ਲਾਹ ਕੇ ਵੇਚ ਦਿੱਤਾ ਅਤੇ ਮਲੱਮੇ ਦਾ ਬਣਾ ਕੇ ਤੋਸ਼ੇ ਖਾਨੇ ਵਿਚ ਰੱਖ ਦਿੱਤਾ ਪਰ ਪਤਾ ਲੱਗ ਜਾਣ ਅਤੇ ਸਾਬਤ ਹੋਣ ਪਰ ਸਤ ਸਾਲ ਜੇਲ੍ਹ ਅਤੈ ਚੌਹਠ ਹਜ਼ਾਰ ਦੀ ਡਿਗਰੀ ਹੋਈ । ਇਹ ਚਾਰੋਂ ਦਰਾਵਜੇ 6. 6×4.4 ਫੁੱਟ ਹਨ ।

ਮਕਾਨ ਦਰਬਾਰ ਸਾਹਿਬ ਦਾ 40×40 ਫੁੱਟ ਹੈ। ਵਿਚਲਾ ਚੋਕ 17 ਫੁੱਟ ਅਤੇ ਚਾਰੇ ਦਾਲਾਨ ਅਠ-ਅਠ ਫੁੱਟ ਦੇ ਹਨ। ਗੁਰੂ ਗਰੰਥ ਸਾਹਿਬ ਉਤੇ ਇਕ ਚਾਂਦਨੀ ਕੀਮਖਾਬ ਯਾ ਮਖਮਲ ਦੀ ਬਹੁਤ ਉਮਦਾ ਤਣੀ ਰਹਿੰਦੀ ਹੈ। ਦਰਬਾਰ ਸਾਹਿਬ ਦੀ ਦੂਜੀ ਮੰਜ਼ਲ ਸਤਾਈ ਫੁੱਟ ਉਚੀ ਅਤੇ ਚੁਤਰਫੋਂ ਦਸ ਦਸ ਗਜ਼ ਅਮਾਰਤੀ ਹੈ. ਜਿਸ ਵਿਚੋ. ਦੀਵਾਰ ਚਾਰ ਗਜ਼ ਬਾਹਰ ਵਲੋਂ ਸੰਗਮਰਮਰ ਦੀ ਬਹੁਤ ਪੁਖਤਾ ਬਣੀ ਹੋਈ ਹੈ, ਜਿਸ ਵਿਚ ਨਗੀਨੇ, ਅਕੀਕ, ਚੂਨੀ ,ਹੀਰੇ ਆਦਿ ਹਰ ਰਕਮ ਅਤੇ ਹਰ ਰੰਗ ਦੇ ਨਾਲ ਗੁਲਕਾਰੀ ਜੰਗਲੀ ਸ਼ੇਰ, ਹਾਥੀ, ਮਿਰਗ, ਸਾਧੂ, ਚਿੜੀਆਂ, ਬੇਲ ਬੂਟੇ ਆਦਿ ਨਾਲ ਮੱਰਸਾ ਹੈ (ਸੱਜਿਆ ਹੋਇਆ ਹੈ।)।

Digitized by Panjab Digital Library | www.panjabdigilib.org

ਇਸ ਦੇ ਉਤੇ ਛੇ ਗਜ਼ ਸਿਵਾਏ ਸ਼ਿੰਗਾਰੇ ਤੇ ਕਲਸ ਦੇ, ਸੋਨੇ ਦੇ ਸਭ ਦੀਵਾਰਾਂ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈਆਂ। ਅੰਦਰ ਮੰਦਰ ਦੇ ਬਹੁਤ ਸਾਰੇ ਸਿਖ ਸਰਦਾਰਾਂ ਤੇ ਸ਼ਾਹੂਕਾਰਾਂ ਨੇ ਮਹਾਰਾਜੇ ਦੇ ਨਾਲ ਰਲ ਕੇ, ਜਿਸ ਵਿਚ ਚਾਰੇ ਕੰਧਾਂ, ਦਾਲਾਨ, ਛੱਤ, ਸਭ ਗਚ ਜੜਾਊ, ਸੁਨਹਿਰੀ, ਮੀਨਾਕਾਰੀ, ਬੇਲ ਬੂਟੇ ਦੀ ਨਕਾਸ਼ੀ ਨਾਲ ਮਰੱਸਾ ਹੈ, ਸੰਮਤ 1874 ਤੋ ਸੰਮਤ 1906 ਤੀਕ ਬਣੀਆਂ। ਜਨੂਬ ਵੱਲ ਦੀ ਵੱਡੀ ਛੱਤ ਸੰਮਤ 1906 ਵਿਚ ਭਾਈ ਸੁਜਾਨ ਸਿੰਘ ਨੇ ਅਤੇ ਮਗਰਬ ਵੱਲ ਦੀ ਜੜਾਊ ਛੱਤ ਸੰਮਤ 1911 ਵਿਚ ਭਾਈ ਚੈਨ ਸਿੰਘ ਗਜਰਾ ਨੇ ਬਣਵਾਈ । ਛਤ ਵਲ ਦੀਆਂ ਪੌੜੀਆਂ ਮਹਾਰਾਜਾ ਨੇ ਸੰਮਤ 1894 ਵਿਚ, ਛਤ ਦੀਵਾਰ ਮਸ਼ਰਕ ਵੱਲ ਦੀ ਸੰਮਤ 1902 ਵਿਚ ਭਾਈ ਰਾਮ ਸਿੰਘ ਪਸ਼ੌਰੀਏ ਨੇ, ਸ਼ਮਾਲ ਵੱਲ ਦੀ ਛੱਤ ਸੰਮਤ 1855 ਵਿਚ ਭਾਈ ਭਾਗ ਸਿੰਘ, ਗੁਰਮੁੱਖ ਸਿੰਘ ਲੁਬਾਣਿਆਂ ਨੇ, ਵਿਚਕਾਰਲੀ ਛੋਟੀ ਛੱਤ ਅਤੇ ਕੰਧ ਸੰਮਤ 1885 ਵਿਚ ਮਹਾਰਾਜਾ ਖੜਕ ਸਿੰਘ ਨੇ ਤਿਆਰ ਕਰਵਾਈ । ਬਾਰੀਆਂ ਮਸ਼ਰਕ ਵੱਲ ਵੀਹ, ਦੱਖਣ ਵੱਲ ਅੱਠ ਸ਼ਮਾਲ ਵੱਲ ਸੱਤ ਅਤੇ ਮਗ਼ਰਬ ਵਲ ਪੰਜ ਹਨ। ਇਹ ਸਭ ਸੁਨਹਿਰੀ ਹਨ ਜੋ ਸੰਮਤ 1882 ਤੋ ਲੈ ਕੇ ਸੰਮਤ 1912 ਤੱਕ ਬਣਦੀਆਂ ਰਹੀਆਂ। ਬਾਕੀ ਦੋ ਖਿੜਕੀਆਂ ਦੋਨੋ ਪੌੜੀਆਂ ਵੱਲ ਹਨ । ਇਕ ਦਰਵਾਜ਼ਾ ਬਰਾਬਰ ਦੀ ਵੱਡੀ ਖਿੜਕੀ, ਪੌੜੀ ਉਤੇ ਬਾਬਾ ਜੀ ਦੇ ਪਰਕਾਸ਼ ਹੋਣ ਦੀ ਜਗਾਹ ਹੈ। ਇਥੇ ਕਦੀ ਕਦੀ ਇਸ ਗੁਰੂ ਗਰੰਥ ਸਾਹਿਬ ਦਾ ਪਾਠ ਕੋਈ ਅਮੀਰ ਹੀ ਕਰਾਉਂਦਾ ਹੈ।

ਸਭ ਤੋ ਉਤਲੀ ਛੱਤ ਉਤੇ ਇਕ ਵੱਡਾ ਗੁੰਬਦ ਬਾਰ੍ਹਾਂ ਦਰਵਾਜ਼ਿਆਂ ਦਾ ਹੈ, ਜਿਸ ਦੇ ਚੁਤਰਫੀ ਛੱਤੀ ਕਲਸ਼ ਹਨ । ਇਹ ਗੁੰਬਦ ਸ: ਭਾਗ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਆ ਨੇ ਸੰਮਤ 1872 ਵਿਚ ਬਣਵਾਇਆ ਸੀ । ਇਸਦੇ ਬਾਰ੍ਹਾਂ ਦਰਵਾਜ਼ਿਆਂ ਉਤੇ ਸੋਨੇ ਦਾ ਕੰਮ ਬਸੰਤ ਸਿੰਘ ਖੇੜੀ ਵਾਲੇ ਨੇ ਕਰਵਾਇਆ ਸੀ ਅਤੇ ਜਿਹੜੇ ਉਤੇ ਛਜ ਅਤੇ ਛੋਟੇ ਛੋਟੇ ਗੋਲ ਗੁੰਬਦ ਹਨ , ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਏ ਸਨ। ਸਭ ਲਾਗਤ ਜੋ ਦਰਬਾਰ ਸਾਹਿਬ ਦੀ ਸੋਨੇ ਚਾਂਦੀ ਦੀ ਨਕਾਸ਼ੀ ਦੇ ਕੰਮ ਉਤੇ (ਸਿਵਾ ਦੀਵਾਰਾਂ ਅਤੇ ਫਰਸ਼ ਦੇ ) ਲਗੀ, ਸੋਲ੍ਹਾਂ ਲੱਖ ਉਣਤਾਲੀ ਹਜ਼ਾਰ ਮਹਾਰਾਜਾ ਰਣਜੀਤ ਸਿੰਘ ਵਲੋਂ, ਤਿੰਨ ਲਖ ਪਚਵੰਜਾ ਹਜ਼ਾਰ ਸ਼ਹਿਰ ਦੇ ਹਾਕਮ ਭੰਗੀ ਸਰਦਾਰਾਂ ਵਲੋਂ, ਛੇ ਲਖ ਅਕਤਾਲੀ ਹਜ਼ਾਰ ਮਹਾਰਾਜਾ ਖੜਕ ਸਿੰਘ ਤੇ ਕੌਰ ਜੀ, (ਕੰਵਰ ਨੌ ਨਿਹਾਲ ਸਿੰਘ) ਵਲੋਂ, ਪਚਾਸੀ ਹਜ਼ਾਰ ਮਹਾਰਾਜਾ ਸ਼ੇਰ ਸਿੰਘ, ਦੋ ਲੱਖ ਤੇਈ ਹਜ਼ਾਰ, ਰਾਣੀ ਸਦਾ ਕੌਰ ਤਿੰਨ ਲਖ ਸਤਾਰਾਂ ਹਜ਼ਾਰ, ਰਾਣੀ ਨਕੈਣ ਵਲੋਂ

Digitized by Panjab Digital Library | www.panjabdigilib.org

ਲੱਗਾ ਅਤੇ ਅੱਜ ਤੀਕ ਸ਼ਾਹੂਕਾਰਾਂ ਸਰਦਾਰਾਂ ਅਤੇ ਰਾਜਿਆਂ ਵਲੋਂ ਸਦਾ ਸੋਨਾ ਅਤੇ ਸੁਨਹਿਰੀ ਨਕਸ਼ਕਾਰੀ ਹੁੰਦੀ ਰਹਿੰਦੀ ਹੈ ।

## ਹਾਲ ਅਸਬਾਬ ਮੌਜੂਦ ਤੋਸ਼ਾਖਾਨਾ ਦਰਬਾਰ ਸਾਹਿਬ

ਹਰਿਮੰਦਰ ਸਾਹਿਬ ਦੇ ਤੋਸ਼ਾ ਖਾਨੇ ਵਿਚ ਬਹੁਤ ਕੀਮਤੀ ਸਮਾਨ ਦਾ ਭੰਡਾਰ ਹੈ। ਸੰਮਤ 1923 ਤੋਂ ਪਹਿਲਾਂ, ਸ: ਮੰਗਲ ਸਿੰਘ ਦੀ ਸਰਬਰਾਹੀ ਵਿਚ, ਜੋ ਮੌਜੂਦ ਸੀ ਜ਼ਬਾਨੀ ਹੀਰਾ ਸਿੰਘ ਤੋਸ਼ੇ ਖਾਨੀਆਂ। ਤੋਸ਼ੇ ਖਾਨੇ ਵਿਚ ਰੱਖੇ ਸਾਮਾਨ ਦੀ ਸੂਚੀ ਕੀਮਤ ਸਮੇਤ ਇਸ ਪ੍ਰਕਾਰ ਹੈ : –

| | | |
|---|---|---|
| 3 ਗਾਗਰਾਂ ਚਾਂਦੀ ਦੀਆਂ | 2 ਗੜਵੇ ਚਾਂਦੀ ਦੇ | 3 ਕੌਲ ਚਾਂਦੀ ਦੇ |
| 1200/ ਰੁ: | 160/ ਰੁ: | 50/ਰੁ: |
| 1 ਗੁਲਾਬਦਾਨੀ ਚਾਂਦੀ | 2 ਪੱਖੇ ਚਾਂਦੀ | 20 ਚੋਬਾਂ ਚਾਂਦੀ |
| 45/ਰੁ: | 100/ਰੁ: | 5000/ਰੁ: |
| 2 ਆਸਾ ਚਾਂਦੀ | 1ਥਾਲ ਆਰਤੀ ਚਾਂਦੀ | 1 ਮੰਜੀ ਸਾਹਿਬ ਚਾਂਦੀ |
| 100/ਰੁ: | 100/ਰੁ: | 500/ਰੁ: |
| 1 ਚੌਕੀ ਚਾਂਦੀ | 3 ਦੀਵੇ ਚਾਂਦੀ | 2 ਚੌਰ ਚਾਦੀ |
| 1000/ਰੁ: | 1200/ਰੁ: | 80/ਰੁ: |
| 1ਬੰਗਲਾ ਚਾਂਦੀ | 4 ਜੋੜੀਆਂ ਚਾਂਦੀ | 4 ਜੋੜੀਆਂ ਸੋਨਾ |
| 2000/ਰੁ: | 10000/ਰੁ: | 56000/ਰੁ: |
| 1ਪੱਖਾ ਸੋਨਾ | 3 ਪੱਖੇ ਛੋਟੇ, ਸੋਨਾ | 1 ਆਰਤੀ ਸੋਨਾ |
| 600/ਰੁ: | 300/ਰੁ: | 1100/ਰੁ: |
| 1 ਆਸਾ ਸੋਨਾ | 1 ਮਰੱਸਾ ਮੰਜੀ ਸਾਹਿਬ ਸੋਨਾ | 1ਛੋਟੀ ਮੰਜੀ ਸਾਹਿਬ ਸੋਨਾ |
| 550/ਰੁ: | 7000/ਰੁ: | 4000/ਰੁ: |
| ਛੱਬੇ ਮਰੱਸਾ ਤਲਾਈ(ਸੋਨਾ) | 1 ਖਾਸਾ ਸੋਨਾ | 1 ਵਡਾ ਪਲੰਘ ਸੋਨਾ |
| 5000/ਰੁ: | 5000/ਰੁ: | 8600/ਰੁ: |
| 1 ਛੋਟਾ ਪਲੰਘ ਸੋਨਾ | 2 ਪਸ਼ਮੀਨਾ ਸਾਇਬਾਨ | ਚਾਂਦਨੀ ਜ਼ਰਦੋਜ਼ੀ ਮਰੱਸਾਕਾਰ |

Digitized by Panjab Digital Library | www.panjabdigilib.org

| | | |
|---|---|---|
| 7000/ਰੁ: | 2000/ਰੁ: | 5000/ਰੁ: |
| 4 ਪਰਦੇ ਕਾਰ ਚੋਬੀ | 1 ਮਖ਼ਮਲੀ ਸਾਏਬਾਨ | ਵਡਾ ਛਤਰ |
| 500/ਰੁ: | ਸ਼ਮਾਰ ਰਪਿਆ | 87000/ਰੁ: |
| ਵਡੀ ਚਾਂਦਨੀ ਜ਼ਰਦੋਜ਼ੀ | | |
| 20,000 | | |

ਇਹ ਸਭ ਅਸਬਾਬ ਹੀਰਾ ਸਿੰਘ ਤੋਸ਼ਾ ਖਾਨੀਆਂ ਵਲਦ ਧਰਮ ਸਿੰਘ ਅਰੋੜੇ ਦੇ ਹਥ ਵਿਚ ਸੀ । ਇਸ ਨੂੰ ਛੋਟੀ ਉਮਰ ਅਤੇ ਨਾ ਤਜਰਬਾਕਰੀ ਕਰਕੇ ਕਈ ਇਕ ਦਗ਼ਾ ਬਾਜ਼ ਦੋਸਤਾਂ ਨੇ ਤਰਕੀਬ ਦੇਕੇ ਅਸਬਾਬ ਤੋਸ਼ਾ ਖਾਨਾ ਸੱਚੇ ਨੂੰ ਗਬਨ ਕੀਤਾ ਅਤੇ ਨਕਲ ਝੂਠਾ ਜਮ੍ਹਾਂ ਕਰ ਦਿਤਾ। ਜਿਸ ਦੀ ਖਬਰ ਹੋਣ ਪਰ ਤਹਿਕੀਕਾਤ ਨਾਲ 66722 ਰੁ: ਵਿਚੋਂ 3705 ਰੁ: 15 ਆਨੇ (ਤਿੰਨ ਹਜਾਰ ਸੱਤ ਸੌ ਪੰਜ ਰੁਪੈ ਪੰਦਰਾਂ ਆਨੇ) ਦਾ ਘਰੋਂ ਹੀ ਨਿਕਲ ਆਇਆ ਤੇ ਬਾਕੀ ਬ੍ਹਾਠ ਹਜਾਰ ਅਠ ਸੌ ਸੋਲ੍ਹਾਂ ਰੁਪੈ ਨੌ ਆਨੇ ਦਾ ਉਸ ਦੇ ਜੁਮੇਂ ਰਿਹਾ ਹੈ ਜੋ ਸਰਬ ਰਾਹ ਵਲੋਂ ਨਾਲਸ਼ ਹੋਣ ਕਰਕੇ ਬਾਕਾਇਦਾ ਉਸ ਦੀ ਜਾਏਦਾਦ ਮਨਕੂਲਾ ਅਤੇ ਗੈਰ ਮਨਕੂਲਾ ਜੋ ਦੁਕਾਨਾਂ ਅਤੇ ਮਕਾਨ ਕੁਰਕੀ ਅਤੇ ਨਲਾਮ ਕੀਤੇ ਜਾਕੇ ਸਭ ਰੁਪਿਆ ਵਸੂਲ ਕੀਤਾ ਗਿਆ ਅਤੇ ਉਸ ਨੂੰ 24 ਜੁਲਾਈ 1899 ਈਸਵੀ ਨੂੰ ਸਤ ਬਰਸ ਕੈਦ ਅਤੇ ਚਾਰ ਹਜ਼ਾਰ ਜੁਰਮਾਨਾ ਹੋਇਆ ਹੈ। ਭਾਵੇਂ ਈਸ਼ਰ ਸਿੰਘ ਮਿਸਰੀ ਵਾਲਾ ਅਤੇ ਗੰਗਾ ਬਿਸ਼ਨ ਪੰਡਤ ਤੇ ਸੁਲਖਣੀ ਮਲ ਸਰਾਫ ਆਦਿ ਬਹੁਤ ਸਾਰੇ ਆਦਮੀ ਇਸ ਮਕੱਦਮੇ ਵਿਚ ਹੀਰਾ ਸਿੰਘ ਵਾਂਗ ਮੁਲਜ਼ਮ ਸਨ ਜੋ ਇਸਦੇ ਮਾਲ ਵੇਚਣ ਵਿਚ ਸ਼ਾਮਲ ਸਨ। ਪਰ ਸਭ ਕੁਝ ਹੀਰਾ ਸਿੰਘ ਨੇ ਕਬੂਲ ਕੀਤਾ ਇਸ ਲਈ ਦੂਜੇ ਰਿਸ਼ਵਤ ਨਾਲ ਛੁਟ ਗਏ ਕੇਵਲ ਪੰਡਤ ਗੰਗਾ ਬਿਸ਼ਨ ਕੈਦ ਵਿਚ ਹੀ ਪੂਰਾ ਹੋਇਆ ਅਤੇ ਫੇਰ ਹੀਰਾ ਸਿੰਘ ਛੁਟ ਕੇ ਇਥੇ ਸ਼ਹਿਰ ਵਿਚ ਹੀ ਗੁਜ਼ਰਾਨ ਕਰਨ ਲਗ ਪਿਆ ।

## ਅਸਬਾਬ ਜੋ ਹੀਰਾ ਸਿੰਘ ਤੋਂ ਮਗਰੋਂ ਗਿਣਿਆ

| | | |
|---|---|---|
| 2 ਗਾਗਰਾਂ ਚਾਂਦੀ | ਮਸ਼ਾਲ ਗੜਵਾ | 2 ਦੀਵੇ |
| ਡੰਡੀ ਚੌਰ | ਮੰਜੀ ਸਾਹਿਬ | ਆਸਾ ਚਾਂਦੀ |
| | 1000/ਰੁ: | 50/ਰੁ: |
| ਚੋਬਾਂ | 1 ਸੁਨਿਹਰੀ ਆਰਤੀ | ਸੇਹਰਾ |
| 6895/ਰੁ: | 2600/ਰੁ: | |

Digitized by Panjab Digital Library | www.panjabdigilib.org

| | | |
|---|---|---|
| ਮੋਤੀਆਂ ਦੀ ਮਾਲਾ | 9 ਛੱਬੇ ਮੋਤੀ | ਘੜੀ ਅੰਗ੍ਰੇਜ਼ੀ |
| 17757/ਰੁ: | 5845 ਰੁ: ਚੌਦਾਂ ਆਨੇ | |
| ਤਾਊਸ ਮਰੱਸਾ | ਛਬਾ ਸੋਨਾ ਮਰੱਸਾ | 3 ਮੰਜੀ ਸਾਹਿਬ |
| 2588/ਰੁ: | 5055 ਰੁ: ਗਿਆਰ੍ਹਾਂ ਆਨੇ | 3789 ਰੁ:ਤਿੰਨ ਆਨੇ |

ਛਤਰ ਮਹਿ ਕਮਾਨਚਾ ਸੋਨਾ

ਮਰੱਸਾ 106728 ਰੁ: ਦੋ ਆਨੇ

| | | |
|---|---|---|
| 3 ਸਾਏਬਾਨ ਰੇਸ਼ਮ ਪਸ਼ਮੀਨਾ | ਪਰਦੇ | ਛੋਟੀ ਚੌਰ |
| 1174606/ਰੁ: | 1796 ਰੁ:ਨੌ ਆਨੇ | 25/ਰੁ: |
| 5 ਚਦਰ ਪਸ਼ਮੀਨਾ | 27 ਮਸਨਦਾਂ ਰੇਸ਼ਮੀ | 5 ਕਾਲੀਨ |
| | 1082 ਰੁ: ਬਾਰਾਂ ਆਨੇ | 108/ਰੁ: |
| ਹਾਥੀ ਦੰਦ ਦਾ ਅਸਬਾਬ | ਰੁਮਾਲ | ਬਨਾਤੀ ਜੁਰਾਬਾਂ |
| 2225 /ਰੁ: | 69 ਰੁ: ਬਾਰਾਂ ਆਨੇ | 325/ਰੁ: |
| ਚਿੱਟਾ ਸੰਖ | ਸ਼ਤਰੰਜੀਆਂ | ਜੋੜੀ ਵੱਡਾ ਦਰਵਾਜ਼ਾ |
| 16/ਰੁ: | 357/ਰੁ: | 5352/ਰੁ: |
| 4 ਛੋਟੀਆਂ ਸੁਨੈਹਰੀ ਜੋੜੀਆਂ | ਜੋੜੀ ਸੁਨੈਹਰੀ | ਮੁਤਫਰੱਕ |
| 7555 ਰੁ: ਨੌ ਆਨੈ | 4941 ਰੁ: ਛੇ ਆਨੇ | 9398 ਰੁ: ਚਾਰ ਆਨੇ |

## ਉਹ ਸ਼ਖਸ਼ ਜੋ ਦਰਬਾਰ ਸਾਹਿਬ ਜੀ ਤੋਂ ਪਰਵਰਸ਼ ਪਾਉਂਦੇ ਹਨ

| | | | |
|---|---|---|---|
| 1 ਗ੍ਰੰਥੀ | 2 ਗਿਆਨੀ | 3 ਪੁਜਾਰੀ | 4 ਮੁਤਸੱਦੀ |
| 5 ਅਰਦਾਸੀਆ | 6 ਰਾਗੀ | 7 ਧੂਪੀਆ | 8 ਚਰਾਗੀਆ |
| 9 ਰਬਾਬੀ | 10 ਤੋਸ਼ੇ ਖਾਨੀਆ | 11 ਝਾੜੂ ਬਰਦਾਰ | 12 ਨਕਾਰਚੀ |
| 13 ਘੜਯਾਲੀਆ | 14 ਮੁਨਸ਼ੀ | | |

ਇਹ ਤਰੀਕਾ 1854 ਈਸਵੀਂ ਤੋ ਕੰਮ ਹੈ।

Digitized by Panjab Digital Library | www.panjabdigilib.org

## " ਹਾਲ ਗ੍ਰੰਥੀਆਂ "

ਭ: ਚੈਚੰਲ ਸਿੰਘ (ਨਾਈ)

|

ਆਤਮਾ ਸਿੰਘ (ਅਰੋੜਾ)

| | | |
|---|---|---|
| ਸ਼ਯਾਮ ਸਿੰਘ ਅਰੋੜਾ | ਗੁਪਾਲ ਸਿੰਘ ਬ੍ਰਾਹਮਣ (26 ਚੈਤ ਸੰਮਤ 1911 ਨੂੰ ) | ਮਖਣ ਸਿੰਘ ਅਰੋੜਾ (7 ਸਤੰਬਰ 1853) |
| ਜੱਸਾ ਸਿੰਘ ਅਰੋੜਾ (ਸੰਮਤ 1913 ਨੂੰ ਮੋਯਾ) | ਭ: ਦੀਵਾਨ ਸਿੰਘ ਬ੍ਰਾਹਮਣ (5 ਪੋਹ 1925 ) | ਘਨਸਾ ਸਿੰਘ |
| ਜਵਾਹਰ ਸਿੰਘ ਸੈਣੀ (1ਮਾਘ 1942) | ਹੀਰਾ ਸਿੰਘ ਬ੍ਰਾਹਮਣ (24 ਭਾਦਰੋਂ 1952 ਨੂੰ ) | ਭਗਤ ਸਿੰਘ |
| ਹਰਨਾਮ ਸਿੰਘ ਸੈਣੀ | | |

ਪਹਿਲਾਂ 1600/ ਰੁਪਏ ਦੀ ਜਗੀਰ ਭਾ : ਆਤਮਾ ਸਿੰਘ ਦੇ ਨਾਮ ਸੀ ਜਿਸ ਵਿਚੋਂ ਸਤਾਰਾਂ ਆਦਮੀ ਗੁਜ਼ਾਰਾ ਲੈਂਦੇ ਸਨ ਹੁਣ 765/ ਹਰਨਾਮ ਸਿੰਘ 500 ਮੱਖਣ ਸਿੰਘ ਦੀ ਉਲਾਦ ਅਤੇ 400/ ਹੀਰਾ ਸਿੰਘ ਦੇ ਨਾਮ ਜਗੀਰ ਦਵਾਮੀਆਂ (ਸਦੀਵੀ) ਹੈ ।

ਜਦ ਗੁਰੂ ਅਰਜਨ ਦੇਵ ਜੀ ਨੇ ਭਾਦੋਂ ਸੁਦੀ ਪੰਜ ਸੰਮਤ 1661 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਤਿਆਰ ਕਰਕੇ ਬੜੀ ਧੂਮ ਧਾਮ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਿਮੰਦਰ ਵਿਚ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ । ਰੋਜ਼ ਸ਼ਾਮ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਖਾਸੇ ਦੀ ਸਵਾਰੀ ਵਿਚ ਗੁਰੂ ਕੇ ਮਹਿਲੀਂ ਲੈ ਜਾਂਦੇ ਅਤੇ ਸਵੇਰੇ ਇਥੋਂ ਹੀ ਲੈ ਆਉਂਦੇ ਇਹ ਤਰੀਕਾ

Digitized by Panjab Digital Library | www.panjabdigilib.org

1797 ਬਿਕਰਮੀ ਤੀਕ ਰਿਹਾ। ਫੇਰ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਇਹ ਮੰਦਰ ਖਸਤਾ ਹਾਲ ਹੀ ਰਿਹਾ ਅੰਤ ਜਦ 1821 ਨੂੰ ਪੰਥ ਖਾਲਸਾ ਅਰਥਾਤ ਲਾਲ ਸਿੰਘ ਵਲਦ ਜੱਸਾ ਸਿੰਘ, ਜੈ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਤਾਰਾ ਸਿੰਘ ਗੈਬਾ, ਚੜ੍ਹਤ ਸਿੰਘ ਸ਼ੁਕਰਚੱਕੀਆ ਆਦਿ ਨੇ ਜਦ ਖੁਰਜਾ ਲੁਟਿਆ ਤਾਂ ਪ੍ਰਣ ਕੀਤਾ ਕਿ ਜੋ ਕੁਝ ਲੁਟੀਏ ਅੱਧ ਗੁਰੂ ਕੇ ਮੰਦਰ ਵਾਸਤੇ ਦੇਵੀਏ। ਏਹੋ ਹੀ ਹੋਇਆ, ਲੁਟ ਮਗਰੋਂ ਇਕ ਚਾਦਰ ਵਿਛਾ ਦਿਤੀ ਤੇ ਕਿਹਾ ਕਿ ਇਹ ਗੁਰੂ ਕੀ ਚਾਦਰ ਹੈ ਜੋ ਸੁਰੇ ਬਣੇ ਹਰ ਕੋਈ ਦੇਵੇ, ਸਭ ਨੇ ਦਿਤਾ ਅਤੇ ਕਰੀਬ ਸੱਤ ਲੱਖ ਰੁਪਿਆ ਹੋਇਆ ਜੋ ਜਮ੍ਹਾਂ ਕਰਕੇ ਕਰੋੜੀਮਲ ਸ਼ਾਹੂਕਾਰ ਪਾਸ ਰੱਖ ਦਿਤਾ ਅਤੇ ਭਾਈ ਦੇਸ ਰਾਜ ਨੂੰ ਮੰਦਰ ਤਲਾਬ ਆਦਿ ਦੀ ਮੁਰੰਮਤ ਵਾਸਤੇ ਥਾਪਿਆ । ਇਸ ਨੇਕ ਪੁਰਸ਼ ਨੇ ਬੜੀ ਕੋਸ਼ਸ਼ ਅਤੇ ਮਿਹਨਤ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ ।

ਪੜ੍ਹੇ ਹੋਏ ਆਦਮੀ ਬਹੁਤ ਕਮ ਪੰਥ ਵਿਚ ਹੋਣ ਕਰਕੇ ਗਵਾਲ ਦਾਸ ਉਦਾਸੀ ਨੂੰ ਗ੍ਰੰਥੀ ਅਤੇ ਪੁਜਾਰੀ ਬਣਾ ਦਿੱਤਾ ਗਿਆ। ਪਹਿਲਾਂ ਤਾਂ ਉਹ ਸਾਰੀ ਆਮਦਨੀ ਲੰਗਰ ਵਿਚ ਦੇਂਦਾ ਰਿਹਾ ਪਰ ਮਗਰੋਂ ਸਾਰੀ ਹੀ ਆਪਣੇ ਡੇਰੇ ਲਿਜਾਣ ਲਗ ਪਿਆ ।

ਕੇਵਲ ਵੈਸਾਖੀ, ਦੀਵਾਲੀ ਉਤੇ ਦਰਬਾਰ ਸਾਹਿਬ ਆਵੇ ਅਤੇ ਪੂਜਾ ਲੈ ਕੇ ਆਪਣੇ ਪਿੰਡ ਜਸਵਾਲ ਚਲਾ ਜਾਵੇ। ਕੇਵਲ ਇਕ ਦੋ ਫਕੀਰ ਝਾੜੂ ਬਰਦਾਰ ਹੀ ਇਥੇ ਰਖ ਛਡੇ, ਇਸ ਲਈ ਪੰਥ ਖਾਲਸਾ ਨੇ ਇਕ ਸਲਾਹ ਹੋਕੇ ਚੈਚੰਲ ਸਿੰਘ ਨਾਈ ਨੂੰ, ਜੋ ਚੰਗਾ ਲਾਇਕ ਮਹਾਤਮਾ ਸੀ, ਗ੍ਰੰਥੀ ਥਾਪਿਆ। ਇਸ ਉਚੇ ਉਹਦੇ ਤੇ ਹੁੰਦਿਆਂ ਵੀ ਉਹ ਇਕ ਸੂਈ, ਧਾਗਾ, ਕੈਂਚੀ, ਨਹੇਰਨਾ ਅਤੇ ਝਾਵਾਂ, ਚਾਰ ਚੀਜ਼ਾਂ ਸਾਧ ਸੰਗਤ ਦੀ ਸੇਵਾ ਵਾਸਤੇ ਆਪਣੇ ਪਾਸ ਰਖਦਾ ਅਤੇ ਜਿੰਨੀ ਪੂਜਾ ਆਉਂਦੀ ਬਿਹੰਗਮਾਂ ਦੇ ਰੋਟੀ ਕੱਪੜੇ ਉਤੇ ਲਾ ਦਿੰਦੇ, ਇਸ ਦੇ ਹੀ ਚੇਲੇ ਸਿਲਸਲੇ ਵਾਰ ਹੁਣ ਤੀਕ ਗ੍ਰੰਥੀ ਹਨ। ਭਾਵੇਂ ਇਹ ਤਿੰਨੇ ਗ੍ਰੰਥੀ ਆਪਣੀ ਆਪਣੀ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਦੇ ਸਨ, ਪਰ ਜਿਤਨੀ ਪੂਜਾ ਆਉਂਦੀ ਉਹ ਸਭ ਤੋਂ ਪਹਿਲਾਂ ਆਤਮਾ ਸਿੰਘ ਦੇ ਅਗੇ ਰੱਖਦੇ ਰਹੇ, ਫੇਰ ਸ਼ਯਾਮ ਸਿੰਘ ਦੇ ਅਗੇ। ਉਹ ਆਪਣੀ ਮਰਜ਼ੀ ਨਾਲ ਦੋਹਾਂ ਗ੍ਰੰਥੀਆਂ ਨੂੰ ਰੁਪਿਆ ਦਿੰਦਾ । ਇਸ ਵਿਚ ਕਿਸੇ ਦਾ ਉਜਰ ਨਾ ਹੁੰਦਾ ਅਤੇ ਲੰਗਰ ਬਿਹੰਗਮਾਂ ਆਦਿ ਵਾਸਤੇ ਜਾਰੀ ਰਹਿੰਦਾ। ਜਦ ਅੰਗਰੇਜ਼ ਆਏ ਤਾਂ ਇਸ ਪੂਜਾ ਦੇ ਲੈਣ ਦੇਣ ਉਤੇ ਫਸਾਦ ਹੋਣ ਲੱਗਾ ਜਿਸ ਦਾ ਫੈਸਲਾ ਰਾਜਾ ਤੇਜਾ ਸਿੰਘ ਅਤੇ ਸ: ਸ਼ਮਸੇ ਰ ਸਿੰਘ ਸੰਧਾਵਾਲੀਏ ਨੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ 1919 ਨੂੰ ਇਹ

Digitized by Panjab Digital Library | www.panjabdigilib.org

ਕੀਤਾ ਕਿ ਜੋ ਆਮਦਨੀ ਪੂਜਾ ਵਗੈਰਾ ਜਿਸਦੀ ਵਾਰੀ ਵਿਚ ਆਵੇ ਉਹ ਆਪਣੇ ਕੋਲ ਰੱਖੇ ਵਾਰੀ ਤਿੰਨਾਂ ਦੀ ਇਸ ਤਰ੍ਹਾਂ ਹੈ :-

ਭਗਤ ਸਿੰਘ ਡੇਢ ਪਹਿਰ ਰਾਤ ਰਹੀ ਤੋਂ ਆਕੇ ਕੇਵਲ ਮੰਜੀ ਸਾਹਿਬ ਦੀ ਤਾਬਿਆ ਛੇ ਘੜੀ ਬੈਠਦਾ। ਪੰਜ ਘੜੀ ਰਾਤ ਰਹਿੰਦਿਆਂ ਜਦ ਗੁਰੂ ਗ੍ਰੰਥ ਸਾਹਿਬ ਜੀ, ਜੋ ਪਹਿਲਾਂ ਗੁਰੂ ਕੇ ਮਹਿਲਾਂ ਤੋ ਸਵਾਰੀ ਖਾਸੇ ਵਿਚ ਆਇਆ ਕਰਦੇ ਅਤੇ ਹੁਣ ਅਕਾਲ ਬੁੰਗਿਓਂ ਉਸੇ ਤਰ੍ਹਾਂ ਆਉਂਦੇ ਹਨ ਤਾਂ ਭਾਈ ਜਵਾਹਰ ਸਿੰਘ ਖਾਸੇ ਵਿਚੋਂ ਆਪਣੇ ਸਿਰ ਉਤੇ ਰੱਖ ਕੇ ਅੰਦਰ ਮੰਦਰ ਵਿਚ ਲੈ ਜਾਂਦਾ। ਚਾਰ ਘੜੀ ਉਹ ਬੈਠਦਾ, ਆਸਾ ਦੀ ਵਾਰ ਦੇ ਭੋਗ ਮਗਰੋਂ ਅਵਾਜ਼ਾ ਲੈ ਕੇ ਜਾਂਦਾ, ਫਿਰ ਤਿੰਨ ਘੜੀ ਦਿਨ ਚੜ੍ਹੇ ਤੀਕ ਹੀਰਾ ਸਿੰਘ, ਚਾਰ ਘੜੀ ਭਗਤ ਸਿੰਘ, ਸੱਤ ਘੜੀ ਹਰਨਾਮ ਸਿੰਘ, ਸੱਤ ਘੜੀ ਭਗਤ ਸਿੰਘ, ਬਾਰ੍ਹਾਂ ਘੜੀ ਹੀਰਾ ਸਿੰਘ, ਦੋ ਘੜੀ ਰਾਤ ਗਈ ਤੀਕ, ਫੇਰ ਛੇ ਘੜੀ ਜਵਾਹਰ ਸਿੰਘ। ਇਸ ਤਰ੍ਹਾਂ ਬਵੰਜਾ ਘੜੀਆਂ ਤਿੰਨਾਂ ਦਾ ਪਹਿਰਾ ਹੋਇਆ। ਅਠਾਰਾਂ ਘੜੀਆਂ ਭਗਤ ਸਿੰਘ ਦੀਆਂ,ਬਾਰਾਂ ਹੀਰਾ ਸਿੰਘ ਦੀਆਂ ਅਤੇ ਬਾਈ ਹਰਨਾਮ ਸਿੰਘ ਦੀਆਂ। ਏਨ੍ਹਾਂ ਵੇਲਿਆਂ ਵਿਚ ਜੋ ਕੁਝ ਕੋਈ ਇਨ੍ਹਾਂ ਦੇ ਹੱਥ ਦੇ ਜਾਵੇ, ਉਹ ਇਨ੍ਹਾਂ ਦਾ ਹੈ। ਇਸ ਤਰੀਕੇ ਦਾ 13 ਅੱਸੂ 1931 ਨੂੰ ਫੈਸਲਾ ਹੋਇਆ ਅਤੇ ਜੋ ਕੋਈ ਰਾਜਾ ਮਹਾਰਾਜਾ ਬਹੁਤੇ ਰੁਪੈ ਗ੍ਰੰਥੀਆਂ ਦੀ ਨਜ਼ਰ ਕਰਦਾ ਹੈ ਉਸ ਵਿਚੋਂ 10 ਫੀਸਦੀ ਮਹੰਤ ਹਰਨਾਮ ਸਿੰਘ ਨੂੰ ਬਹੁਤੇ ਦੇ ਕੇ ਬਾਕੀ ਤਿੰਨਾਂ ਵਿਚ ਇਕੋ ਜਿਹਾ ਵੰਡਿਆ ਜਾਂਦਾ ਹੈ। ਭਾਵੇ ਪਹਿਲੋਂ ਗ੍ਰੰਥੀ ਹੋਣਾ ਚੇਲੇ ਦਾ ਹੱਕ ਸੀ ਅਤੇ ਹੁੰਦੇ ਰਹੇ, ਉਹ ਸ਼ਾਦੀ ਨਹੀਂ ਕਰਦੇ ਸਨ ਕਿਉਂਕਿ ਮਨ੍ਹਾ ਸੀ, ਇਹ ਅਹਿਦ ਭਾਈ ਮੱਖਣ ਸਿੰਘ ਤੋਂ ਟੁਟ ਗਿਆ ਅਤੇ ਝਗੜੇ ਜਿਤਨੇ ਇਥੇ ਹੁੰਦੇ ਹਨ ਇਹ ਅਕਸਰ ਇਨ੍ਹਾਂ ਦੀ ਉਲਾਦ ਕਰਕੇ ਹੀ ਹੁੰਦੇ ਹਨ। ਆਮਦਨੀ ਇਨ੍ਹਾਂ ਦੀ ਜਗੀਰ ਅਤੇ ਪੂਜਾ ਹੈ ਪਰ ਇਹ ਸਭ ਮੁਕਦਮਿਆਂ ਅਤੇ ਘਰ ਦਿਆਂ ਕੰਮਾਂ ਉਤੇ ਹੀ ਲਗਦੀ ਹੈ, ਧਰਮ ਅਰਥ ਨਹੀਂ।

## ਹਾਲ ਗਿਆਨੀਆਂ

ਇਨ੍ਹਾਂ ਦਾ ਵਡਾ ਸੂਰਤ ਸਿੰਘ ਮਖੂੱ ਖਤਰੀ, ਚਨਿਓਟ, ਜ਼ਿਲ੍ਹੇ ਝੰਗ ਦਾ ਵਸਨੀਕ ਸੀ ਅਤੇ ਗੁਰਮੁਖੀ ਫਾਰਸੀ ਚੰਗੀ ਪੜ੍ਹਿਆ ਸੀ। ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਦੇ ਹਮਲਿਆਂ ਵੇਲੇ ਤੰਗ ਆ ਕੇ ਸੰਮਤ 1807 ਨੂੰ ਅੰਮ੍ਰਿਤਸਰ ਆ ਰਿਹਾ। ਕਥਾ ਸੁਣਾਉਣ ਕਰਕੇ ਗਿਆਨੀ ਮਸ਼ਹੂਰ ਹੋ ਗਿਆ। ਇਸ ਦਾ ਗੁਰਦਾਸ ਨਾਮੇ ਭਾਈ ਦਰਬਾਰ ਸਾਹਿਬ ਦੀ ਟਹਿਲ ਕੀਤਾ ਕਰਦਾ, ਇਸ ਵੇਲੇ

Digitized by Panjab Digital Library | www.panjabdigilib.org

ਸਿਵਾ ਨਿਰਮਲੇ ਸਿਖਾਂ ਦੇ ਕੋਈ ਪੜ੍ਹਿਆ ਲਿਖਿਆ ਨਹੀਂ ਸੀ। ਸੂਰਤ ਸਿੰਘ ਦੇ ਪੁਤਰ ਸੰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ, ਤੁਲਸੀ ਰਮੈਣ (ਜਿਸਦਾ ਇਸਨੇ ਟੀਕਾ ਕੀਤਾ ਹੈ ) ਅਤੇ ਹਨੂਮਾਨ ਨਾਟਕ ਆਦਿ ਪੰਡਤ ਨਿਹਾਲ ਸਿੰਘ ਜੀ ਤੋਂ ਜਿਸਨੇ ਜਪੁਜੀ ਸਾਹਿਬ ਦਾ ਟੀਕਾ ਸੰਸਕਰਿਤ ਵਿਚ ਕੀਤਾ ਹੈ, ਪੜ੍ਹਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨੀ ਅਰੰਭੀ , ਉਸਦੀ ਰਸੀਲੀ ਜ਼ਬਾਨ ਤੋਂ ਖੁਸ਼ ਹੋਕੇ ਸਿੰਘਾਂ ਨੇ ਦਰਬਾਰ ਸਾਹਿਬ ਵਿਚ ਕਥਾ ਕਰਨ ਦੀ ਅਗਿਆ ਦੇ ਦਿਤੀ, ਫਿਰ ਤਾਂ ਇਜ਼ਤ ਅਤੇ ਮਸ਼ਹੂਰੀ ਹੋ ਗਈ । ਜੋ ਜੋ ਤਰੀਕੇ ਭਾਈ ਮਨੀ ਸਿੰਘ ਜੀ ਤੋਂ ਮਗਰੋਂ ਟੁਟ ਗਏ ਸਨ, ਸਭ ਭਾਈ ਸੰਤ ਸਿੰਘ ਨੇ ਫੇਰ ਜਾਰੀ ਕੀਤੇ । ਉਹ ਅੱਜ ਤੀਕ ਵਰਤੇ ਜਾ ਰਹੇ ਹਨ। ਇਸ ਮਸ਼ਹੂਰੀ ਕਰਕੇ ਲਾਹੌਰ ਦਰਬਾਰ ਅਤੇ ਹੋਰ ਸਿੰਘ ਸਰਦਾਰਾਂ ਵਿਚ ਆਪ ਦੀ ਇਜ਼ਤ ਵਧ ਗਈ ਅਤੇ ਹੌਲੀ ਹੌਲੀ ਕਾਰਕੁਨ ਹੋ ਗਏ ਅਤੇ ਦਰਬਾਰ ਸਾਹਿਬ ਜੀ ਦਾ ਕੰਮ ਆਪ ਦੀ ਮਾਰਫਤ ਹੋਣ ਲਗ ਪਿਆ। ਸੰਮਤ 1889 ਨੂੰ ਇਨ੍ਹਾਂ ਦੇ ਚੜ੍ਹਾਈ ਕਰਨ ਤੇ ਇਨ੍ਹਾਂ ਦਾ ਪੁੱਤਰ ਭਾਈ ਗੁਰਮੁਖ ਸਿੰਘ ਗਿਆਨੀ ਆਪਣੇ ਪਿਤਾ ਦੇ ਅਹੁਦੇ ਉਤੇਹੋ ਗਿਆ। ਮਹਾਰਾਜਾ ਸ਼ੇਰ ਸਿੰਘ ਦੇ ਵੇਲੇ ਇਹ ਵਡਿਆਂ ਅਹਿਲਕਾਰਾਂ ਵਿਚੋਂ ਸੀ ਅਤੇ ਲੱਖ ਦਾ ਜਾਗੀਰਦਾਰ ਬਣ ਗਿਆ ਤੇ ਸੁਨਹਿਰੀ ਕੰਮ ਦਰਬਾਰ ਸਾਹਿਬ ਜੀ ਦਾ ਆਪ ਦੇ ਸਪੁਰਦ ਹੋ ਗਿਆ। ਸੰਮਤ 1898 ਵਿਚ ਆਪ ਦਾ ਪੁੱਤਰ ਪਰਦੁਮਣ ਸਿੰਘ ਗਿਆਨੀ ਹੋਇਆ। ਆਪ ਸ਼ਤਰੰਜ, ਚੋਪੜ , ਲਾਲ , ਬੁਲਬੁਲ ਆਦਿ ਦੇ ਜਿੰਨੇ ਲਾਸਾਨੀ ਖਿਡਾਰੀ ਸਨ ਉਨੇ ਹੀ ਜ਼ਬਾਨ ਦੇ ਰਸੀਲੇ ਸਨ। ਇਸ ਲਈ ਬਹੁਤ ਆਦਮੀ ਗੁਰੂ ਘਰ ਦੇ ਸੇਵਕ ਹੋ ਗਏ । ਕਥਾ ਦੁਪਹਿਰੋਂ ਚਾਰ ਘੜੀ ਮਗਰੋਂ ਹੁੰਦੀ ਅਤੇ ਇਸ ਖਾਨਦਾਨ ਤੋਂ ਬਿਨਾਂ ਹੋਰ ਕੋਈ ਦਰਬਾਰ ਜੀ ਦੇ ਅੰਦਰ ਕਥਾ ਨਹੀਂ ਕਰ ਸਕਦਾ ਸੀ । 22 ਨਵੰਬਰ 1875 ਈਸਵੀ ਵਿਚ ਇਸਦੇ ਮਗਰੋਂ ਭਾਈ ਗੁਰਬਖਸ਼ ਸਿੰਘ ਗਿਆਨੀ ਹੋਇਆ ਅਤੇ ਅਮਾਰਤ ਦਾ ਕੰਮ ਇਸ ਦੇ ਹੀ ਸਪੁਰਦ ਹੈ । 30/ਰੁ: ਇਸ ਨੂੰ, 25/ਰੁ: ਅੱਲਾਯਾਰ ਖਾਂ ਅਤੇ 15/ਰੁ: ਇਕ ਮੁਨਸ਼ੀ ਨੂੰ ਮਾਹਵਾਰੀ ਤਨਖਾਹ ਮਿਲਦੀ ਹੈ ।

## (ਹਾਲ ਮੁਸੱਦੀਆਂ, ਪੁਜਾਰੀਆਂ, ਅਰਦਾਸੀਆਂ, ਧੂਪੀਆਂ, ਅਤੇ ਪਤੀਦਾਰਾਂ ਆਦਿ ਦਾ )

ਪਹਿਲੋਂ ਗੁਰੂ ਅਰਜਨ ਦੇਵ ਜੀ ਦੇ ਵੇਲੇ ਜਿੰਨੀ ਨਜ਼ਰ ਭੇਂਟ ਇਸ ਮੰਦਰ ਵਿਚ ਆਉਂਦੀ ਸੀ ਉਹ ਗੱਦੀ ਨਸ਼ੀਨ ਗੁਰੂ ਸਾਹਿਬ ਜੀ ਪਾਸ ਪਹੁੰਚਦੀ ਰਹੀ ਅਤੇ ਗੁਰੂ ਕੇ ਕਾਰਕੁਨ ਮੁਲਾਜ਼ਮ ਮਸੰਦਾਂ ਦੇ ਨਾਮ ਤੋਂ ਇਥੇ ਰਹਿੰਦੇ ਸਨ । ਇਹ

Digitized by Panjab Digital Library | www.panjabdigilib.org

ਤਰੀਕਾ ਸੰਮਤ 1662 ਤੋ ਲੈ ਕੇ 1806 ਤੀਕ ਅਰਥਾਤ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੀ ਹਯਾਤ ਤੀਕ ਕਾਇਮ ਰਿਹਾ । ਸੰਮਤ 1878 ਨੂੰ ਜਦ ਪੂਜਾ ਬਾਬਤ ਸਿੱਖਾਂ ਵਿਚ ਝਗੜਾ ਉਠਿਆ ਤਾਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਇੰਤਜ਼ਾਮ ਵਾਸਤ ਘੱਲਿਆ ਸੀ, ਜਿਨ੍ਹਾਂ ਨੇ ਆਪਣੇ ਜੀਉਂਦੇ ਜੀ ਚੰਗਾ ਇੰਤਜ਼ਾਮ ਕੀਤਾ ਅਤੇ ਪੁਸਤਕਾਂ ਰਚੀਆਂ । ਸੰਮਤ 1765 ਨੂੰ ਆਪ ਸ਼ਹੀਦ ਹੋਣ ਮਗਰੋ ਜੋ ਆਦਮੀ ਆਪ ਦੀ ਮਾਤਹਿਤੀ ਵਿਚ ਮੁਤਸੱਦੀ ਪੁਜਾਰੀ ਆਦਿ ਰਹਿੰਦੇ ਸਨ, ਉਹ ਹੀ ਕਾਰਕੁਨ ਰਹੇ। ਅੱਜ ਤੀਕ ਉਨ੍ਹਾਂ ਦੀ ਉਲਾਦ ਵਿਚ ਹੀ ਦਰਬਾਰ ਸਾਹਿਬ ਜੀ ਦੀ ਆਮਦਣੀ ਚੜ੍ਹਤ ਭੇਟ ਵਗੈਰਾ, ਜੋ ਰਾਗੀਆਂ ਰਬਾਬੀਆਂ ਆਦਿ ਨੂੰ ਤਨਖਾਹ ਦੇ ਕੇ ਬਚਦਾ ਹੈ, ਛੇ ਹਿੱਸਿਆਂ ਉਤੇ ਵੰਡਿਆਂ ਜਾਂਦਾ ਹੈ ।

1. ਪੱਤੀ ਮਾਨ ਸਿੰਘ, ਜਿਸਦੀ ਉਲਾਦ ਵਿਚੋਂ ਹੁਣ ਹਰਦਿਤ ਸਿੰਘ, ਪਰੇਮ ਸਿੰਘ ਆਦਿ ਹਨ।
2. ਪੱਤੀ ਉਲਾਦ ਨਿਹਾਲ ਸਿੰਘ, ਅਤਰ ਸਿੰਘ ਵਕੀਲ, ਗੁਰਦਿਤ ਸਿੰਘ ਆਹਲੂਵਾਲੀਏ ਆਦਿ ਹਨ।
3. ਪੱਤੀ ਉਲਾਦ ਖੁਸ਼ਹਾਲ ਸਿੰਘ; ਕੁਲਦੀਪਕ ਸਿੰਘ, ਪਰਤਪਾਲ ਸਿੰਘ, ਨੱਥਾ ਸਿੰਘ ਅਤੇ ਮੱਖਣ ਸਿੰਘ ਆਦਿ ਖੱਤਰੀ ਹਨ।
4. ਪੱਤੀ ਚੇਤ ਸਿੰਘ, ਭਾਗ ਸਿੰਘ, ਜਿਸਦੀ ਉਲਾਦ ਵਿਚ ਸੇਵਾ ਸਿੰਘ, ਨਿਹਾਲ ਸਿੰਘ ਜਵਾਹਰ ਸਿੰਘ ਆਦਿ ਹਨ ਇਨ੍ਹਾਂ ਨੂੰ ਡਿਉਢੀ ਪੱਤੀ ਮਿਲਦੀ ਹੈ।
5. ਪੱਤੀ ਹਰੀ ਸਿੰਘ ਅਰਦਾਸੀਆ, ਗੰਗਾ ਸਿੰਘ , ਰੰਧਾਵਾ ਸਿੰਘ ਜ਼ਿਮੀਦਾਰ ਅਤੇ ਗੰਡਾਂ ਸਿੰਘ ਦੁਲੱਟ ਜ਼ਿਮੀਦਾਰ ਹਨ ।
6. ਪੱਤੀ ਦਿਆਲ ਸਿੰਘ ਧੁਪੀਆ : ਕੁਲ ਉਲਾਦ ਵਿਚੋਂ ਭਾਈ ਹਰਸਾ ਸਿੰਘ ਠਾਕਰ ਸਿੰਘ ਆਦਿ ਹਨ ਇਨ੍ਹਾਂ ਨੂੰ ਅੱਧਾ ਹਿੱਸਾ ਮਿਲਦਾ ਹੈ।

ਇਹ ਸਭ ਆਦਮੀ ਪਹਿਲੋਂ ਭਾਈ ਮਨੀ ਸਿੰਘ ਜੀ ਦੇ ਮੁਲਾਜ਼ਮ ਸਨ। ਇਨ੍ਹਾਂ ਨੂੰ ਤਨਖਾਹਾਂ ਦੇ ਕੇ ਬਾਕੀ ਰੁਪਿਆ ਲੰਗਰ, ਕੱਪੜਾ, ਸਰਦਾਈ ਆਦਿ ਵਿਚ ਲੱਗਦਾ ਹੁੰਦਾ ਸੀ। ਭਾ: ਮਨੀ ਸਿੰਘ ਜੀ ਤੋਂ ਮਗਰੋਂ ਫੇਰ ਵੀ ਇਹ ਤਰੀਕਾ ਜਾਰੀ ਰਿਹਾ ਕਿਉਂਕਿ ਸਿਖ ਸਰਦਾਰ ਸਭ ਆਪਣੇ ਆਪ ਨੂੰ ਇਥੋਂ ਦਾ ਮਾਲਕ ਜਾਣ ਕੇ ਇਥੋਂ ਦੇ ਇੰਤਜ਼ਾਮ ਵਿਚ ਲੱਗੇ ਰਹਿੰਦੇ ਸਨ। ਜਦ ਤੋਂ ਸਿਖ ਸਰਦਾਰਾਂ

Digitized by Panjab Digital Library | www.panjabdigilib.org

ਨੇ ਇੰਤਜ਼ਾਮ ਛੱਡਿਆ ਇਹ ਪੁਜਾਰੀ ਮਾਲਕ ਬਣ ਗਏ ਅਤੇ ਲੰਗਰ ਆਦਿ ਪੁੰਨ ਦੇ ਕੰਮ ਬੰਦ ਕਰ ਦਿੱਤੇ। 2 ਭਾਦੋਂ ਸੰਮਤ 1916 ਨੂੰ ਸੌਲ੍ਹਾਂ ਹਜ਼ਾਰ ਆਮਦਨੀ ਸੀ ਜੋ ਹੁਣ ਪੰਝੀ ਤੀਰ ਹਜ਼ਾਰ ਦੇ ਲਗਭਗ ਹੈ। ਇਨ੍ਹਾਂ ਪੁਜਾਰੀਆਂ ਵਿਚ ਸਦਾ ਝਗੜਾ ਰਹਿੰਦਾ ਸੀ। ਗਵਰਨਮੈਂਟ ਦੇ ਹੁਕਮ ਮੂਜਬ ਰਾਜਾ ਤੇਜਾ ਸਿੰਘ, ਸ਼ਮਸੇਰ ਸਿੰਘ ਸੰਧਾਵਾਲੀਆ, ਦਿਆਲ ਸਿੰਘ ਮਜੀਠੀਆ, ਪਰਦੁਮਣ ਸਿੰਘ ਗਿਆਨੀ, ਜੈਮਲ ਸਿੰਘ ਖੰਡੇ ਵਾਲੇ, ਮਤਾਬ ਸਿੰਘ ਲੰਡੀ, ਰਾਇ ਮੂਲ ਸਿੰਘ , ਮੰਗਲ ਸਿੰਘ ਰਾਮਗੜ੍ਹੀਏ, ਲਾਲ ਸਿੰਘ ਤਲਵੰਡੀ ਵਾਲੇ, ਹਰਦਿਤ ਸਿੰਘ ਭੜਾਣੀਆਂ, ਜੋਧ ਸਿੰਘ ਸਠਿਆਲੀਆ ਅਤੇ ਬਾਬਾ ਸੁੰਦਰ ਸਿੰਘ ਆਦਿ ਬਹੁਤ ਸਾਰੇ ਪੰਜਾਬ ਦੇ ਸਰਦਾਰਾਂ ਨੇ ਦਸਖਤ ਕਰਕੇ 19 ਭਾਦੋਂ ਸੰਮਤ 1916 ਨੂੰ ਇਕ ਦਸਤੂਰਲ ਅਮਲ ਬਣਾਇਆ ਜਿਸ ਵਿਚ ਦਰਜਾ ਅਵਲ ਗ੍ਰੰਥੀਆਂ, ਦੂਜਾ ਪੁਜਾਰੀਆਂ, ਤੀਜਾ ਰਾਗੀਆਂ ਰਬਾਬੀਆਂ, ਚੌਥਾ ਘੜਿਆਲੀਆਂ, ਪੰਜਾਵਾਂ ਚਰਾਗੀਆਂ, ਛੇਵਾਂ ਅਰਦਾਸੀਆਂ ਆਦਿ ਦਾ ਹੋਇਆ ਅਤੇ ਮਲਕੀਅਤ ਦੇ ਖਾਨੇ ਵਿਚ ਗੁਰੂ ਰਾਮ ਦਾਸ ਜੀ ਦੀ ਸੰਗਤ ਲਿਖੀ ਗਈ। ਇਹ ਫੈਸਲਾ ਹੋਇਆ ਕਿ ਚੜ੍ਹਤ ਵਿਚੋਂ ਤਨਖਾਹ ਰਾਗੀਆਂ, ਰਬਾਬੀਆਂ ਅਤੇ ਧਰਮ ਅਰਥ ਗਰੀਬ-ਗੁਰਬਾ ਅਰਥਾਤ ਦਾਨ ਦੇ ਕੇ ਜੋ ਬਾਕੀ ਰਹੇ ਉਸ ਵਿਚੋਂ ਨੇਕ ਚਲਨੀ ਦੀ ਸ਼ਰਤ ਉਤੇ 28 ਰੁਪੈ ਦੇ ਹਸਾਬ ਜੋ ਚਾਰ ਰੁਪਏ ਅੱਠ ਆਨੇ ਫੀ ਪੱਤੀ ਬਣਦੇ ਹਨ ਵੰਡਿਆ ਜਾਇਆ ਕਰੇ, ਜੋ ਇਸ ਵੰਡ ਤੋਂ ਬਚੇ ਉਹ ਖਜ਼ਾਨੇ ਵਿਚ ਜਮ੍ਹਾਂ ਹੋਵੇ। ਕਿਸੇ ਪੱਤੀਦਾਰ ਜਾਂ ਅਨਾਮੇ ਵਾਲੇ ਨੂੰ ਆਪਣੀ ਪੱਤੀ ਅਥਵਾ ਅਨਾਮੇ ਦੇ ਬੈ ਯਾ ਰੈਹਣ ਕਰਨ ਦਾ ਅਖਤਿਆਰ ਨਹੀਂ। ਜੇ ਉਲਾਦ ਨਾ ਹੋਵੇ ਤਾਂ ਕਿਸੇ ਚੇਲੇ ਯਾ ਕਰੀਬੀ ਨੂੰ ਮਾਲਕ ਬਣਾ ਜਾਵੇ, ਜੇ ਕਰ ਕੋਈ ਚੇਲਾ ਯਾ ਮੁਤਬਨੇ ਦੇ ਨਾਮ ਹਿੱਸਾ ਨਾ ਕਰਾਏਗਾ ਤਾਂ ਉਸ ਦਾ ਹਿੱਸਾ ਦਰਬਾਰ ਸਾਹਿਬ ਵਿਚ ਆ ਜਾਏਗਾ।

## ਹਾਲ ਰਾਗੀਆਂ ਰਬਾਬੀਆਂ

ਅਜਕਲ ਹਰ ਇਕ ਰਬਾਬੀ ਆਪਣਾ ਆਪਣਾ ਸ਼ਜਰਾ ਭਾਈ ਮਰਦਾਨੇ ਨਾਲ ਰਲਾਉਂਦਾ ਹੈ। ਸੱਤੇ ਬਲਵੰਡ ਨੇ ਇਕ ਵਾਰ ਪੰਚਮ ਗੁਰੂ ਜੀ ਪਾਸੋਂ ਅਧ ਆਮਦਨੀ ਦਾ ਦਾਹਵਾ ਕੀਤਾ, ਪਿਰਥੀ ਚੰਦ ਦੇ ਬਹਿਕਾਏ ਹੋਏ। ਗੁਰੂ ਜੀ ਨੇ ਦਿਤਾ ਤਾਂ ਬਹੁਤ ਕੁਝ ਅਤੇ ਦੇਣ ਨੂੰ ਕਿਹਾ ਵੀ ਪਰ ਹਿਸਿਉਂ ਸਾਫ ਨਾਂਹ ਕੀਤੀ। ਉਹ ਚੌਕੀ ਕਰਨੋ ਹਟ ਕੇ ਨਿੰਦਿਆ ਕਰਨ ਲੱਗ ਪਿਆ ਇਥੋਂ ਤੀਕ ਕਿ ਪਹਿਲੇ ਗੁਰੂ ਜੀ ਨੂੰ ਵੀ ਬੁਰੇ ਲਫਜ਼ਾਂ ਨਾਲ ਯਾਦ ਕੀਤਾ । ਗੁਰੂ ਜੀ ਨੇ ਸੰਮਤ

Digitized by Panjab Digital Library | www.panjabdigilib.org

1758 ਨੂੰ ਹਰੀ ਰਾਮ ਗੌਰ ਸ਼ਰਫ਼ ਤੇ ਸਾਹਿਬ ਰਾਮ ਆਦਿ ਸਿੱਖਾਂ ਨੂੰ ਚੌਕੀ ਕਰਨ ਦਾ ਹੁਕਮ ਦਿਤਾ। ਡੂਮਾਂ ਕਿਹਾ, ਵਾਜੇ ਤਾਂ ਸਾਡੇ ਹੀ ਹਨ। ਗੁਰੂ ਜੀ ਨੇ ਉਨ੍ਹਾਂ ਦੇ ਸਾਜ਼ਾਂ ਦੀ ਥਾਂ ਸਰੰਦਾ ਤੇ ਜੋੜੀ (ਮਰਦੰਗ ਦੀ ਥਾਂ) ਕਾਇਮ ਕੀਤੀ। (ਭਾਈ ਲੱਧਾ ਬਖਸ਼ਾਉਂਦਾ ਹੈ) ਉਸ ਵੇਲੇ ਤੋਂ ਦਰਬਾਰ ਜੀ ਵਿਚ ਰਾਗੀ ਰਬਾਬੀ ਦੋਵੇਂ ਚੌਕੀ ਕਰਦੇ ਹਨ। ਭਾਵੇਂ ਸੱਤਾ ਬਲਵੰਡ ਦੀ ਉਲਾਦ ਚੋਂ ਭਾਈ ਅਤਰਾ ਆਦਿ ਅਜੇ ਵੀ ਚੌਂਕੀ ਕਰਦੇ ਹਨ, ਪਰ ਸੰਤ ਸਿੰਘ ਗਿਆਨੀ ਨੇ ਉਸੇ ਦੀ ਚੌਂਕੀ ਕਰ ਦਿਤੀ ਜਿਸ ਨੇ ਰਤਾ ਵੀ ਖੁਸ਼ਾਮਦ ਯਾ ਖਿਦਮਤ ਕੀਤੀ। ਏਸੇ ਕਰਕੇ ਚੌਂਕੀਆਂ ਵਧ ਗਈਆਂ ਹਨ।

ਰਾਗੀਆਂ ਵਿਚੋਂ ਭਾ: ਮੱਸਾ ਸਿੰਘ ਰਾਗੀ ਬਹੁਤ ਮੁੱਦਤ ਤੀਕ ਆਸਾ ਦੀ ਵਾਰ ਲਾਉਂਦਾ ਰਿਹਾ। ਉਲਾਦ ਨਾ ਹੋਣ ਕਰਕੇ ਆਪਣੇ ਨਵਾਸੇ ਭਾਈ ਮਾਲ ਸਿੰਘ ਨੂੰ ਮਤਬੱਨਾ ਬਣਾ ਕੇ ਆਪਣੇ ਥਾਂ ਕਾਇਮ ਕੀਤਾ। ਜਿਸ ਨੂੰ ਸਭ ਖਾਲਸੇ ਦੇ ਦਸਤਾਰ ਦੇਣ ਕਰਕੇ ਮਹਾਰਾਜੇ ਨੇ ਵੀ ਖਿੱਲਤ ਦਿਤੀ ਅਤੇ ਜਗੀਰ ਵੀ ਕੁਝ ਮਿਲ ਗਈ। ਉਸਦੇ ਕਈ ਇਕ ਚੇਲੇ ਅਤੇ ਪੁੱਤਰ ਚੇਤ ਸਿੰਘ ਆਦਿ ਮਿਲ ਕਰ ਆਸਾ ਦੀ ਵਾਰ ਅੱਜ ਤੀਕ ਲਾਉਂਦੇ ਹਨ, ਅਤੇ ਕੁੱਲ ਰਾਗੀ ਰਬਾਬੀਆਂ ਨੂੰ 282 / ਰੁ: ਮਹੀਨਾ ਮਿਲਦਾ ਹੈ। :-

## ਨਕਸ਼ਾ ਰਾਗੀਆਂ ਰਬਾਬੀਆਂ

| ਨੰ: ਵਕਤ | ਮਾਲਕ ਚੌਕੀ | ਗਿਣਤੀ ਆਦਮੀ | ਤਬਦੀਲ ਕੈਫੀਅਤ ਪਹਿਰਾ |
|---|---|---|---|
| 1. ਆਸਾ ਦੀ ਵਾਰ | ਭਾ: ਚੇਤ ਸਿੰਘ ਹਜ਼ਾਰਾ ਸਿੰਘ | 10 | ਡੂਢ ਪਹਿਰ ਰਾਤ ਤੋਂ ਇਕ ਘੜੀ ਦਿਨ ਚੜ੍ਹੇ ਤੀਕ ਕੁਲ 11 ਘੜੀਆਂ |
| 2. ਬਿਲਾਵਲ | ਮਿਸਰਾ ਸਿੰਘ ਕਪੂਰ ਸਿੰਘ ਮੱਖਣ ਸਿੰਘ ਆਦਿ | 4 | ਚਾਰ ਘੜੀ ਦਿਨ ਚੜ੍ਹੇ ਤੀਕ |
| 3. " | ਪੈੜਾ ਸਿੰਘ, ਗੁਰਦਿੱਤ ਸਿੰਘ ਕਿਸ਼ਨ ਸਿੰਘ | 3 | ਪਹਿਰ ਦਿਨ ਚੜ੍ਹੇ ਤੀਕ ਕੁਲ 4 ਘੜੀ |

Digitized by Panjab Digital Library | www.panjabdigilib.org

| | | | | |
|---|---|---|---|---|
| 4. | ” | ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ | 3 | 4 ਘੜੀ |
| 5. | ” | ਗੰਡਾ ਸਿੰਘ, ਜਮੀਅਤ ਸਿੰਘ, ਮੰਗਲ ਸਿੰਘ | 4 | 3 ਘੜੀ |
| 6. | ਆਨੰਦ | ਮਾਨ ਸਿੰਘ, ਅਮੀਰ ਸਿੰਘ | 2 | 2 ਘੜੀ |
| | | **ਰਬਾਬੀ** | | |
| 7. | ” | ਭਾਈ ਬਾਲਾ, ਹੁਸੈਨਾਂ, ਬੇਰੀ | 6 | 3 ਘੜੀ ਡੇਢ ਰੁਪੈ ਰੋਜ਼ |
| 8. | ਚਰਨ ਕਵੰਲ | ਗੁਲਾਬ, ਮੇਹਰ, ਸਾਧੂ | 4 | 3 ਘੜੀ ਸਾਢੇ ਅੱਠ ਆਨੇ ਰੋਜ਼ |
| 9. | ” | ਰਾਉ, ਲਾਡਾ, ਖੀਰਾ , ਈਦੂ | 5 | 3 ਘੜੀ 1 ਰੁਪਿਆਂ ਰੋਜ਼ |
| 10. | ਕਥਾ ਗੁਰੂ ਗਰੰਥ ਜੀ | ਭਾਈ ਗੁਰੁਬਖਸ਼ ਸਿੰਘ | 1 | ” ” |
| 11. | ” | ਭਾਈ ਅਤਰ ਵਧਾਵਾ | 4 | 3 ਘੜੀਆਂ ਸਾਢੇ ਛੇ ਆਨੇ ਰੋਜ਼ |
| 12. | | ਚਿਤੂ , ਜਮੂ, ਮਮੂ | 5 | 2 ਘੜੀਆਂ ਸਾਢੇ ਛੇ ਆਨੇ ਰੋਜ਼ |
| 13. | | ਸਾਹਿਬਾ, ਅਮੀਰਾ, ਝੰਡਾ | 4 | 3 ਘੜੀਆਂ ਅੱਠ ਆਨੇ ਰੋਜ਼ |
| 14. | | ਬਿਸ਼ਨ ਸਿੰਘ, ਬੁਢਾ ਸਿੰਘ | 4 | 3 ਘੜੀਆਂ ਅੱਠ ਆਨੇ ਰੋਜ਼ |

Digitized by Panjab Digital Library | www.panjabdigilib.org

| | | | |
|---|---|---|---|
| 15. | ਨਥੂ, ਰਖੂ, ਖੈਰੂ | 6 | 2 ਘੜੀਆਂ |
| 16. | ਮੰਗਲ ਸਿੰਘ, ਰਾਮ ਸਿੰਘ | 4 | 1 ਘੜੀ |

17. ਅਸਵਾਰਾ ਸਾਹਿਬ ਦੇ ਨਾਲ ਆਖਰੀ ਚੌਂਕੀ ਗਾਣਾ ਬਜਾਣਾ ਹੁੰਦਾ ਹੈ।

## ਵੱਡੀਆਂ ਚੌਂਕੀਆਂ

ਇਸ ਸਮੇਂ ਲੋਕੀਂ ਆਵਾ ਗਉਣ ਕੱਟਣ ਲਈ ਨਾਲ ਹੁੰਦੇ ਹਨ।

## ਹਾਲ ਅਸਵਾਰਾ ਸਾਹਿਬ

ਤਿੰਨੇ ਚੌਂਕੀਆਂ ਹੋ ਚੁੱਕਣ ਮਗਰੋਂ ਡੇਢ ਪਹਿਰ ਰਾਤ ਲੰਘੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਹਰਿ ਮੰਦਰ ਸਾਹਿਬ ਤੋਂ ਸੁਨਹਿਰੀ ਖਾਸੇ ਵਿਚ ਅਕਾਲ ਬੁੰਗੇ ਜਾਂਦਾ ਹੈ। ਮੰਦਰ ਦੇ ਫਾਟਕ ਲਾਏ ਜਾਂਦੇ ਹਨ ਅਤੇ ਸਿੱਖ ਜੋ ਮੂਲੋਂ ਹੀ ਪਾਕ ਹੋਣ ਛੋਟੀ ਪਰਕਰਮਾਂ ਵਿਚ ਫਿਰਦੇ , ਸੁਖਮਣੀ ਜੀ ਦਾ ਪਾਠ ਕਰਦੇ ਅਤੇ ਪਹਿਰਾ ਦਿੰਦੇ ਰਹਿੰਦੇ ਹਨ । ਇਕ ਵਜੇ ਹਰ ਕੀ ਪੌੜੀ ਤੋਂ ਜਲ ਲਿਆ ਕੇ ਅੰਦਰ ਅਸ਼ਨਾਨ ਕਰਾਉਂਦੇ ਹਨ। ਫਰਸ਼ , ਫਰੂਸ਼ ਅਤੇ ਮੰਜੀ ਸਾਹਿਬ ਵਿਛਾ ਕੇ ਦਰਵਾਜ਼ੇ ਖੋਲ੍ਹ ਦਿੰਦੇ ਹਨ । ਇਸ ਨੂੰ 'ਹਜ਼ੂਰੀ ਟਹਿਲ ' ਬੋਲਦੇ ਹਨ , ਮਗਰੋਂ ਸਿੱਖ ਸੰਗਤ ਕੋਈ ਉਤੇ, ਕੋਈ ਹੇਠਾਂ ਬੈਠ ਕੇ ਆਸਾ ਦੀ ਵਾਰ ਦਾ ਪਾਠ ਕੀਰਤਨ ਸੁਣਦੇ ਹਨ। ਤੜਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਸੁਨਹਿਰੀ ਖਾਸੇ ਵਿਚ ਸਵਾਰ ਹੋਕੇ ਅਕਾਲ ਬੁੰਗਿਓਂ ਦਰਬਾਰ ਜੀ ਆਉਂਦੇ ਹਨ, ਜਿਨ੍ਹਾਂ ਦੇ ਨਾਲ ਬਹੁਤ ਪ੍ਰੇਮੀ ਸਿੱਖ ਸ਼ਬਦ ਪੜ੍ਹਦੇ ਆਉਂਦੇ ਹਨ । ਵਡਾ ਗ੍ਰੰਥੀ ਜੋ ਨਾਲ ਹੁੰਦਾ ਹੈ ਸਿਰ ਉਤੇ ਉਠਾ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਹਰਿ ਮੰਦਰ ' ਅੰਦਰ ਲੈ ਜਾ ਕੇ ਪ੍ਰਕਾਸ਼ ਕਰਦਾ ਹੈ। ਫਿਰ ਹਰ ਇਕ ਦੀ ਅਰਦਾਸ ਹੁੰਦੀ ਹੈ, ਜਿਸ ਜਿਸ ਦੀ ਭੇਟ ਆਉਂਦੀ ਹੈ। ਫਿਰ ਮਹਾ ਰਾਜਿਆਂ, ਸਿਖ ਸਰਦਾਰਾਂ ਦਾ ਕੜਾਹ ਭੋਗ ਲਗ ਕੇ ਵਰਤਦਾ ਹੈ। ਆਸਾ ਦੀ ਵਾਰ ਦਾ ਭੋਗ ਪੈਂਦਾ ਹੈ ਅਤੇ ਇਕ ਸ਼ਬਦ ਦਾ ਪਾਠ ਹੁੰਦਾ ਹੈ, ਜਦੋਂ ਦੁਤਰਫੋਂ ਮਾਇਆ ਦਾ ਮੀਂਹ ਵਰ੍ਹਦਾ ਹੈ।

## ਹਾਲ ਬੁੰਗਿਆਂ

ਮਗ਼ਰਬ ਵਲੋਂ

| ਨਾਂ | ਮੰਜ਼ਲਾਂ | ਬਣਨ ਦਾ ਸਾਲ | ਲਾਗਤ | ਜਿਸ ਨੇ ਬਣਵਾਇਆ |
|---|---|---|---|---|

Digitized by Panjab Digital Library | www.panjabdigilib.org

1. ਬੁੰਗਾ ਚੈਹਲੀਆਂ ਤਿਮੰਜ਼ਲਾ 1830 10,000/
(ਉਰਦੂ ਵਿਚ )

2. ਬੁੰਗਾ ਸ਼ਾਹਬਾਦੀਆਂ " 4,000/ ਕਰਮ ਸਿੰਘ ਨਿਰਮਲਾ

3. ਬੁੰਗਾ ਮੱਜੀਠੀਆਂ" 187011,000/-

4. ਬੁੰਗਾ ਸਿੰਘ ਪੁਰੀਆ ਦੁਮੰਜ਼ਲਾ 1860 5000/ ਬੁਧ ਸਿੰਘ ਖੁਸ਼ਾਲ ਸਿੰਘ

5. ਬੁੰਗਾ " " 1865 4,000/- ਅਤਰ ਸਿੰਘ

6. ਬੁੰਗਾ ਗਿੰਦੂ ਵਾਲੀਆਂ ਇਕ ਮੰਜ਼ਲਾ1850 4,00/-

7. ਬੁੰਗਾ " ਤ੍ਰਿਮੰਜ਼ਲਾ 1871 ਜਮੇਂਦਾਰ ਨੇ ਬੁਲਾਕਾ ਸਿੰਘ ਪਾਸੋਂ ਜਗ੍ਹਾ ਲੈ ਕੇ

8. ਬੁੰਗਾ ਘੱਨਯਾ ਦੁਮੰਜ਼ਲਾ 6000/
(ਫੇਰ ਸਰਦਾਰ ਕਰਮ ਸਿੰਘ ਮਤਬੱਨਾ ਮਹਾਰਾਜਾ ਸ਼ੇਰ ਸਿੰਘ ਨੇ ਢਾਹ ਕੇ 15000/-)

9. ਬੁੰਗਾ ਰਾਜਾ ਧਿਆਨ ਸਿੰਘ ਤਿਮੰਜ਼ਲਾ 1881 6000/- (ਪਹਿਲੋਂ ਅਟਾਰੀ ਵਾਲਿਆਂ ਦਾ ਸੀ)

10. ਬਾਰਾਂ ਦਰੀ ਵਾਲਾ 1837 48000/-

11. ਅਕਾਲ ਬੁੰਗਾ ਸਾਹਿਬ :- ਇਥੇ ਕਦੀ ਕਦੀ ਚੌਥੀ ਪਾਤਸ਼ਾਹੀ ਅਤੇਪੰਜਵੀਂ ਪਾਤਸ਼ਾਹੀ ਇਕ ਬੇਰੀ ਹੇਠ ਬੈਠਿਆ ਕਰਦੇ ਸਨ । ਮਗਰੋਂ 1665 ਵਿਚ ਗੁਰੂ ਹਰਿਗੋਬਿੰਦ ਜੀ ਨੇ ਅਮਾਰਤ ਦੀ ਨੀਂਹ ਰੱਖੀ । ਚੂੰਕਿ ਉਸੇ ਚਬੂਤਰੇ ਉਤੇ ਬੈਠ ਕੇ ਗੁਰਿਆਈ ਦੀ ਪੁਸ਼ਾਕ ਪਹਿਣੀ ਸੀ ਇਸ ਲਈ ਤਖਤ ਅਕਾਲ ਬੁੰਗਾ ਨਾਮ ਹੋਇਆ । ਇਹ ਮਕਾਨ ਪੰਜ ਮੰਜ਼ਲਾ ਬੜਾ ਪੱਕਾ ਰੇਖਤੇ ਦਾ ਖ਼ੂਬਸੂਰਤ ਬਣਿਆ ਹੋਇਆ ਹੈ, ਥੰਮ ਸੰਗਮਰਮਰ ਦੇ ਹਨ। ਅੰਦਰ ਮੰਜੀ ਸਾਹਿਬ ਸੁਨਹਿਰੀ ਨਕਾਸ਼ੀ ਨਾਲ ਜੜ੍ਹਤ ਸੰਮਤ 1931 ਵਿਚ ਦੋ ਲਖ ਪਚਾਨਵੇ ਹਜ਼ਾਰ ਦੀ ਲਾਗਤ ਨਾਲ ਤਿਆਰ ਹੋਈ ਸੀ। ਤਖਤ ਦੀ ਪਹਿਲੀ ਛੱਤ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਤਿਆਰ ਹੋਈ । ਬਾਕੀ ਚਾਰ ਮੰਜ਼ਲਾਂ ਅਤੇ ਮੰਜੀ

Digitized by Panjab Digital Library | www.panjabdigilib.org

ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ, ਜਿਸ ਵਿਚ ਸੈਫ, ਤੇਗਾ ਅਤੇ ਇਕ ਸਿਪਰ ਖਾਸ ਛੇਵੇਂ ਗੁਰੂ ਜੀ ਦੇ ਰੱਖੇ ਹਨ । ਇਸ ਦਾ ਸਭ ਤੋਂ ਉੱਪਰਲਾ ਗੁੰਬਦ ਤਲਾਈ ( ਸੁਨਹਿਰੀ ) ਸ : ਹਰੀ ਸਿੰਘ ਨਲੂਏ ਨੇ ਇਕ ਲੱਖ ਪੰਜੀ ਹਜ਼ਾਰ ਲਾ ਕਦੇ ਬਣਾਇਆ ਸੀ। ਇਸ ਸਰਦਾਰ ਨੇ ਇਸ ਗੁਰਦਵਾਰੇ ਨੂੰ ਸਿਰੋਂ ਪੈਰਾਂ ਤੀਕ ਸੁਨਹਿਰੀ ਕਰਨ ਦੇ ਇਰਾਦੇ ਨਾਲ ਸਵਾ ਮਣ ਪੱਕਾ ਸੋਨਾ ਇਕ ਦਿਨ ਗਿਆਨੀ ਗੁਰਮੁਖ ਸਿੰਘ ਦੇ ਹਵਾਲੇ ਕੀਤਾ ਜੋ ਗਿਆਨੀ ਦੇ ਸੰਦੂਕਚੇ ਵਿਚੋਂ ਰਾਜਾ ਹੀਰਾ ਸਿੰਘ ਦੇਹੁਕਮ ਨਾਲ ਲੁਟਿਆ ਗਿਆ। ਸਿਵਾ ਮੰਜੀ ਸਾਹਿਬ ਦੇ, ਹੋਰ ਜਿਤਨਾ ਸੋਨਾ ਹੈ ਸਭ ਇਸੇ ਸਰਦਾਰ ਦਾ ਹੈ। ਇਸ ਵਿਚ ਬਹੁਤ ਸਾਰਾ ਕੰਮ ਸੰਗਮਰਮਰ ਦਾ ਕੰਵਰ ਨੌ ਨਿਹਾਲ ਸਿੰਘ ਨੇ ਵਧਾਇਆ ਹੋਇਆ ਹੈ, ਮੈਹ ਸਤੂਨਾ ਦੇ, ਉਹ ਗਦਰ ਵੇਲੇ 1857 ਈਸਵੀਂ ਨੂੰ ਇਥੋਂ ਦੇ ਡਿਪਟੀ ਕਮਿਸ਼ਨਰ ਕੂਪਰ ਸਾਹਿਬ ਨੇ ਪਹੁਲ ਲਈ ਅਤੇ ਸਿਖ ਹੋ ਕੇ ਸੁਖਣਾ ਸੁਖੀ ਕਿ ਜੇ ਦਿਲੀ ਫਤਹਿ ਹੋ ਜਾਏ ਤਾਂ ਇਹ ਸਭ ਮਕਾਨ ਸੰਗਮਰਮਰ ਦਾ ਬਣਾ ਦਿਆਂਗਾ। ਦਿਲੀ ਲੈਣ ਮਗਰੋਂ , ਸੰਮਤ 1858 ਵਿਚ ਆਪਣੀ ਕਨੀਓਂ ਤਾਂ ਕੁਝ ਨਾ ਦਿੱਤਾ ਪਰ ਇਕ ਬੰਗਲਾ ਅਤੇ ਚੌਂਕੀ ਜੋ ਰਾਮਬਾਗ ਫਿਰ ਮਹਾਰਾਜੇ ਦੀ ਇਕ ਬੈਠਕ ਬਹੁਤ ਕੀਮਤੀ ਪੱਥਰ ਦਾ ਮਕਾਨ ਸੀ, ਉਥੋਂ ਉਖਾੜ ਕੇ ਇਥੇ ਜੜਵਾ ਦਿੱਤਾ, ਹਾਂ, ਮੰਜ਼ੂਰੀ ਆਪਣੇ ਪਾਸੋਂ ਦਿੱਤੀ। ਹੁਣ ਉਥੇ ਗੁਰੂ ਗ੍ਰੰਥ ਸਾਹਿਬ ਖੁੱਲਦਾ ਅਤੇ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਛਤ ਮਰੱਸਾ ਕਦੀ ਕਿਸੇ ਮੌਕੇ ਉਤੇ ਗੁਰੂ ਗ੍ਰੰਥ ਜੀ ਦੇ ਲਟਕਾਇਆ ਜਾਂਦਾ ਹੈ ਅਤੇ ਚੜ੍ਹਾਵਾ ਵੀ ਉਥੇ ਹੀ ਚੜ੍ਹਦਾ ਹੈ। ਇਸ ਬੁੰਗੇ ਦੇ ਨਾਮ ਪਹਿਲੋਂ ਅਠ ਹਜ਼ਾਰ ਦੀ ਜਾਗੀਰ ਸੀ, ਜਿਸਦਾ ਠੇਕਾ ਛੇ ਹਜ਼ਾਰ ਪੰਜ ਸੌ ਹੋਇਆ, ਬੰਦੋਬਸਤ ਵੇਲੇ ਉਹ ਜਗੀਰ ਤਿੰਨਾਂ ਮਹੰਤਾਂ ਦੇ ਨਾਮ ਲਗ ਗਈ ਜੋ ਸੰਮਤ 1949 ਨੂੰ ਮਹੰਤ ਗੁਲਾਬ ਸਿੰਘ ਦੇ ਮੋਇਆਂ ਜ਼ਬਤ ਹੋ ਗਈ । ਬਾਈ ਸੌ ਦੀ ਸਦਾ ਵਾਸਤੇ ਰਹੀ । ਇਸ ਜਗੀਰ ਵਿਚੋਂ ਦੋ ਦੋ ਸੌ ਰੁਪਈਆ ਤਿੰਨਾਂ ਲੰਬੜਦਾਰਾਂ ਨੂੰ ਜੋ ਮਿਲਦਾ ਸੀ ਹੁਣ ਬੰਦ ਹੋ ਗਿਆ ਹੈ। ਸਾਹਮਣੇ ਸ਼ਾਮ ਵੇਲੇ ਬੜਾ ਦੀਵਾਨ ਲੱਗਦਾ ਅਤੇ ਰਾਗੀ, ਰਬਾਬੀ ਕੀਰਤਨ ਕਰਦੇ ਹਨ। ਆਮਦਨੀ ਬਥੇਰੀ ਹੈ ਅਤੇ ਖਜ਼ਾਨਾ ਇਥੇ ਹੀ ਰਹਿੰਦਾ ਹੈ। ਪੁਜਾਰੀ, ਅਕਾਲੀ ਬੋਲੇ ਜਾਂਦੇ ਹਨ, ਜੋ ਭੰਗ ਬਹੁਤ ਪੀਦੇਂ ਹਨ। ਮਹਾਰਾਜਾ ਨੇ ਪਹਿਲੋਂ ਇਕ ਲੰਗਰ 300/ ਰੁਪਏ ਰੋਜ਼ ਦਾ ਚਲਾਇਆ ਸੀ ਪਰ ਇਨ੍ਹਾਂ ਦੇ ਝਗੜੇ ਫਸਾਦਾਂ ਦੀਆਂ ਸ਼ਿਕਾਇਤਾਂ ਰੋਜ਼ ਅਪੜਦੀਆਂ ਅਤੇ ਲੰਗਰ ਵਿਚ ਭਾਂਡਾ ਵੀ ਕੋਈ ਨਾ ਰਹਿੰਦਾ, ਅੰਤ ਨੂੰ ਬੰਦ ਕੀਤਾ ਗਿਆ। ਜੋ ਜੋ ਉਸ ਲੰਗਰ ਵਿਚੋਂ ਇਥੇ ਰਹਿਣ ਵਾਲਾ ਖਾਂਦਾ ਸੀ ਉਨ੍ਹਾਂ ਨੂੰ ਚੜ੍ਹਤ ਆਮਦਨ ਜਗੀਰ ਦੀ

Digitized by Panjab Digital Library | www.panjabdigilib.org

ਹਸੀਯਤ ਮੂਜਬ ਅਠ ਸੌ ਨਾਮੇ ਥਾਪ ਦਿਤੇ ਜੋ ਹੁਣ ਤੀਕ ਵਰ੍ਹੇ ਦੇ ਵਰ੍ਹੇ ਵੰਡੇ ਜਾਂਦੇ ਹਨ। ਕਿਸੇ ਸਾਲ ਫੀ ਨਾਮ 8/- ਕਿਸੇ 10/- ਰੁਪਏ ਮਿਲਦੇ ਹਨ । ਹੁਣ ਜੋ ਕੋਈ ਸਿਖ ਅਮੀਰ ਯਾ ਗਰੀਬ ਮਰਦਾ ਹੈ ਉਸਦੇ ਨਮਿਤ ਗਹਿਣਾ, ਘੋੜਾ, ਪਾਲਕੀ, ਗਊ, ਮੈਹੰ, ਹਾਥੀ, ਲੀੜੇ, ਆਦਿ ਜੋ ਕਿਸੇ ਨੇ ਦੇਣਾ ਹੁੰਦਾ ਹੈ, ਸਭ ਇਥੇ ਹੀ ਦਿੰਦੇ ਹਨ।

ਪਹਿਲਾਂ ਕੁਝ ਆਮਦਨੀ ਜਮ੍ਹਾਂ ਵਿਚੋਂ ਪੰਜ ਹਜ਼ਾਰ ਤਿੰਨ ਸੌ ਬਾਨਵੇਂ ਰੁਪਏ ਨੌਕਰਾਂ ਦਾ ਖਰਚ ਕੱਢ ਕੇ ਬਾਕੀ ਸਰਬਰਾਹ ਬੈਠ ਕੇ ਸਾਰਿਆਂ ਨੂੰ ਇਕੋ - ਜਿਹਾ ਵੰਡ ਦੇਂਦਾ ਤਿੰਨਾਂ ਲੰਬਰਦਾਰਾਂ ਦੇ ਪੰਝੀ ਪੰਝੀ ਜਾਂ ਵੀਹ ਵੀਹ ਨਾਮ ਹਨ ਅਤੇ ਗ੍ਰੰਥੀ ਹਰਨਾਮ ਸਿੰਘ ਨੂੰ ਵੀ ਇਥੋ ਪੰਝੀ ਨਾਮੇ ਮਿਲਦੇ ਹਨ ਅਤੇ ਬਾਕੀਆਂ ਨੂੰ ਪੰਜ ਕਿਸੇ ਨੂੰ ਸੱਤ ਨਾਮੇ ਮਿਲਦੇ ਹਨ ।

ਜਿਸ ਕੋਠੜੀ ਵਿਚ ਅਕਾਲ ਬੁੰਗੇ ਵਿਚ ਸਵਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਤ ਨੂੰ ਲਿਆ ਕੇ ਉਤਾਰਦੇ ਹਨ, ਕਹਿਦੇਂ ਹਨ ਇਥੇ ਗੁਰੂ ਜੀ ਬੈਠ ਕੇ ਭਜਨ ਕੀਤਾ ਕਰਦੇ ਸਨ। ਛਤ ਸੁਨਹਿਰੀ ਹੈ ਇਸ ਵਿਚ ਤਿੰਨ ਅਸਵਾਰੇ ਹਨ। ਇਕ ਵੱਡਾ 'ਬਾਬਾ' ਅਤੇ ਅਖਾੜਾ ਸੰਤੋਖ ਦਾਸ ਵਾਲੇ ਬਾਬਾ ਨੱਥਾ ਸਿੰਘ ਸ਼ਹੀਦ ਨੇ ਤਿਆਰ ਕਰਾਕੇ ਦਿਤੇ ਸਨ। ਦੂਜਾ ਅਸਵਾਰਾ ਸੋਨੇ ਦਾ ਸੁਨਹਿਰੀ ਜਿਲਦ, ਸੁਨਹਿਰੀ ਗਤੇ ਜਿਸ ਉਤੇ ਕਈ ਹਜ਼ਾਰ ਰੁਪਿਆ ਲੱਗਾ ਸੀ ਮਹਾਰਾਜਾ ਰਣਜੀਤ ਸਿੰਘ ਦਾ ਦਿੱਤਾ ਹੋਇਆ ਹੈ । ਤੀਸਰਾ ਰੇਸ਼ਮੀ ਕਾਗਜ਼ ਦਾ ਤਲਾਈ ਕਾਰ ਤੇ ਹਰਫ ਨੁਕਰਈ ਗੱਤੇ ਤੇ ਜਿਲਦ, ਗਿਆਨੀ ਗੁਰਮੁੱਖ ਸਿੰਘ ਨੂੰ ਮੀਹਾਂ ਸਿੰਘ ਸੂਬਾ ਕਸ਼ਮੀਰ ਦੇ ਘਰੋਂ ਮਿਲਿਆ ਸੀ, ਇਥੇ ਲਿਆ ਦਿਤਾ । ਇਕ ਸੁਨਹਿਰੀ ਪਲੰਘ 15000/- ਰੁਪਏ ਦਾ ਹੈ , ਜਿਸ ਉਤੇ ( ਗੁਰੂ ) ਗ੍ਰੰਥ ਸਾਹਿਬ ਜੀ ਬਿਰਾਜਦੇ ਹਨ। ਇਸਦੇ ਚਾਰੇ ਪਾਵਿਆਂ ਹੇਠਾਂ ਚਾਰ ਮਖਮਲੀ ਤਲਾਈ ਕਾਰ ਮੂੜ੍ਹੇ ਹਨ । ਇਕ ਪਲੰਘ ਰੰਗਾ ਜਮਨੀ ਮੈਹ ਬੰਗਲੇ ਦੇ ਰਾਜਾ ਭੂਪ ਸਿੰਘ ਰੋਪੜੀਏ ਨੇ ਦਿਤਾ ਸੀ ਜੋ ਅਠਾਰਾਂ ਹਜ਼ਾਰ ਦਾ ਹੈ, ਹੋਰ ਵੀ ਕੀਮਤੀ ਚੀਜ਼ਾਂ ਸਨ।

| | | | |
|---|---|---|---|
| 12. ਬੁੰਗਾ ਭਾਗ ਸਿੰਘ ਸ਼ਹੀਦ | ਦੁਮੰਜ਼ਲਾ | 1828 | 1700/- |
| 13. ਬੁੰਗਾ ਜੋਧ ਸਿੰਘਵਾਲਾ | ਇਕ ਮੰਜ਼ਲਾ | 1850 | 2500/- |
| 14. ਬੁੰਗਾ ਦੇਵਾ ਸਿੰਘ ਸ਼ਹੀਦ | ਖਸਤਾ ਹੈ | | |
| 15. ਬੁੰਗਾ ਧਯਾਨ ਸਿੰਘ ਰਾਗੀ | | 1820 | 700/- |

Digitized by Panjab Digital Library | www.panjabdigilib.org

16. ਬੁੰਗਾ ਜਨਰਲ ਚਾਰ ਮੰਜ਼ਲਾ 1870 4000/-
ਮੀਹਾਂ ਸਿੰਘ

17. ਬੁੰਗਾ ਭਾ: ਗੁਰਦਾਸ ਦੋ ਮੰਜ਼ਲਾ 1861 2800/-
ਭਾਈਕਿਆਂ

18. ਬੁੰਗਾ ਅਤੈ ਸਿੰਘ ਦੋ ਮੰਜ਼ਲਾ 1858 700/-
ਹੁਕਮਨਾਮੀਆਂ

19. ਬੁੰਗਾ ਨਕੱਈ ਸਰਦਾਰਾਂ ਦੋ ਮੰਜ਼ਲਾ 1847 3000/-
ਇਸ ਨਾਲ 672 ਰੁਪਏ ਦੀ ਜਗੀਰ ਹੈ

20. ਬੁੰਗਾ ਸਰਦਾਰਾਨ ਦੋ ਮੰਜ਼ਲਾ 1836 5000/-
ਬਰਕੀ ਵਾਲਾ ਅਨੋਖ ਸਿੰਘ ਨੇ

21. ਬੁੰਗਾ ਘੜਯਾਲੀਆਂ ਤਿਮੰਜ਼ਲਾ 1841 4900/-
(1680 ਰੁ: ਦੀ ਜਗੀਰ ਹੈ )
ਇਥੇ ਇਕ ਇਕ ਕਚੀ ਘੜੀ ਮਗਰੋਂ ਘੜਿਆਲ ਵੱਜਦਾ ਹੈ
ਪਹਲੀ ਰਸਮ ਮੂਜਬ

22. ਝੰਡਾ ਬੁੰਗਾਂ ਤਿਮੰਜ਼ਲਾ 1840 6800/-

ਇਸ ਅਗੇ ਇਕ ਹੋਰ ਚੋਬੀ ਝੰਡਾ ਬਾਵਾ ਪਰੀਤਮ ਦਾਸ ਨੇ ਖੜਾ ਕੀਤਾ ਸੀ ਜਿਸਦੇ ਸੰਮਤ 1880 ਨੂੰ ਟੁਟ ਜਾਣ ਕਰਕੇ ਸ : ਲੈਹਣਾ ਸਿੰਘ ਮਜੀਠੀਆਂ ਨੇ ਲੋਹੇ ਦਾ ਝੰਡਾ ਸੁਨਹਿਰੀ ਕੰਮ ਵਾਲਾ ਖੜਾ ਕੀਤਾ, ਪਰ ਸੰਮਤ 1898 ਨੂੰ ਉਹ ਆਪ ਤੋਂ ਟੁਟ ਗਿਆ, ਸ : ਲੈਹਣਾ ਸਿੰਘ ਮਜੀਠੀਆ ਨੇ ਗੰਢ ਲਗਵਾ ਕੇ ਖੜਾ ਕੀਤਾ, ਦੂਜਾ ਝੰਡਾ ਆਹਨੀ ਜਿਸ ਉਤੇ ਬਹੁਤਾ ਸੋਨਾ ਚੜ੍ਹਿਆ ਹੋਇਆ ਹੈ, ਮਹਾਰਾਜਾ ਸ਼ੇਰ ਸਿੰਘ ਨੇ ਗੱਦੀ ਤੇ ਬੈਠ ਕੇ ਖੜਾ ਕੀਤਾ ਸੀ। ਇਸਦੇ ਨਾਮ ਜ਼ਿਲ੍ਹੇ ਸਿਆਲ ਕੋਟ ਵਿਚ ਖਪਰਾਲਾ ਪਿੰਡ 1000/- ਦਾ ਜਗੀਰ ਹੈ, ਬੰਦੋਬਸਤ ਵੇਲੇ ਜੋ ਹਾਜ਼ਰ ਸਨ ਉਨ੍ਹਾਂ ਦੇ ਨਾਮ ਲਿਖਿਆ ਗਿਆ । ਜਿਸ ਦੀ ਖਾਸ ਉਲਾਦ ਹੋਈ, ਉਸਦਾ ਚੌਥਾ ਹਿੱਸਾ ਕੱਟ ਕੇ ਤਿੰਨ ਹਿੱਸੇ ਸਦਾ ਵਾਸਤੇ. ਉਸ ਨੂੰ ਮਿਲ ਗਏ। ਮਤਬੱਨਾ ਕਰਨ ਵਾਲੇ ਨੂੰ ਕੁਝ ਨਹੀਂ ਮਿਲਦਾ 106 ਨਾਮੇ ਇਸ ਬੁੰਗੇ ਦੇ ਹਨ ਜੋ ਚੜ੍ਹਤ ਵਿਚੋਂ ਮਿਲਦੇ ਹਨ, ਇਹ ਚੌਥੇ ਦਰਜੇ ਦਾ ਗੁਰਦਵਾਰਾ ਹੈ।

23. ਬੁੰਗਾ ਸਰਦਾਰਾਨ ਦੁਮੰਜ਼ਲਾ 1841 5000/-ਸ: ਹਰਨਾਮ

Digitized by Panjab Digital Library | www.panjabdigilib.org

| | | | | |
|---|---|---|---|---|
| ਚੁਮਾਰੀ | | | | ਸਿੰਘ, ਗਿਆਨੀ ਸੰਤ ਸਿੰਘ ਨੂੰ ਦੇਣ ਕਰਕੇ ਉਨ੍ਹਾਂ ਪਾਸ ਹੈ। |
| 24. ਬੁੰਗਾ ਗੜਵਈਆਂ | ਦੁਮੰਜ਼ਲਾ | 1837 | 2500/- | ਗੁਰੂ ਅੰਗਦ ਜੀ ਦੀ ਉਲਾਦ ਦੇ ਪਾਸ ਹੈ। |
| 25. ਬੁੰਗਾ ਸਿਆਲ ਕੋਟੀਆਂ | ਦੁਮੰਜ਼ਲਾ | 1848 | 2000/- | |
| 26. ਬੁੰਗਾ ਗੋਂਦਵਾਲੀਆਂ | ਇਕ ਮੰਜ਼ਲਾ | 1850 | 2500/- | ਭਲ ਸਾਹਿਬਜ਼ਾਦਿਆਂ ਪਾਸ ਹੈ। |
| 27. ਬੁੰਗਾ ਸਰਦਾਰਾਨ ਚੀਚੀ | ਦੁਮੰਜ਼ਲਾ | 1850 | 1200/- | |
| 28. ਬੁੰਗਾ ਸ਼ੁਕਰਚੱਕੀਆਂ(ਸਰਕਾਰ) | ਤਿਮੰਜ਼ਲਾ | 1840 | 18000/- | |

ਇਸ ਬੰਨੇ ਅਠਾਈ ਬੁੰਗੇ ਹਨ ।

## ਬੁੰਗੇ ਸ਼ਮਾਲ ਵਲ ਦੇ

1. ਬੁੰਗਾ ਲਾਡਵੇ ਵਾਲਾ
2. ਬੁੰਗਾ ਕੰਵਰ ਨੌਨਿਹਾਲ ਸਿੰਘ
3. ਬੁੰਗਾ ਰਾਣੀ ਸਦਾ ਕੌਰ ਮੈਹ ਹਵੇਲੀ
4. ਬੁੰਗਾ ਸਰਦਾਰਾਨ ਦਾਦੂ ਪੂਰੀਆਂ
5. ਬੁੰਗਾ ਸੰਤਾਂ ਨਿਰਮਲਾ
6. ਬੁੰਗਾ ਮਹਾਰਾਜਾ ਸ਼ੇਰ ਸਿੰਘ

ਇਹ ਸਾਰੇ ਬੁੰਗੇ ਢਾਹ ਕੇ ਪਹਿਲਾਂ ਇਥੇ 1850 ਵਿਚ ਕੋਤਵਾਲੀ ਤਿਆਰ ਹੋਈ ਫੇਰ 1863 ਨੂੰ ਕੋਤਵਾਲੀ ਢਾਹ ਕ ਘੰਟਾ ਘਰ ਦੀ ਨੀਂਹ ਰੱਖੀ ਗਈ ਸੀ, ਇਕ ਲੱਖ ਪਚੱਤਰ ਹਜ਼ਾਰ ਰੁਪਿਆ ਖਰਚ ਕੇ ਬਸ ਬਾਰਾਂ ਸਾਲ ਵਿਚ ਤਿਆਰ ਹੋਇਆ, ਦੀਵਾਲੀ ਉਤੇ ਅਸਤਬਾਜ਼ੀ ਇਥੇ ਬੈਠ ਕੇ ਵੇਖਦੇ ਹਨ।

| | | | |
|---|---|---|---|
| 2. ਬੁੰਗਾ ਸੋਢੀਆਂ ਅਨੰਦ ਪੁਰੀਆਂ | ਦੁਮੰਜ਼ਲਾ | 1850 | 12000/- |
| 3. ਬੁੰਗਾ ਸੰਤ ਕਾਹਨ ਸਿੰਘ ਨਿਰਮਲਾ ਆਦਿ ( ਟੇਹਿਆਂ ਵਾਲਾ ) | ਤਿਮੰਜ਼ਲਾ | 1882 | 3000/- |
| 4. ਬੁੰਗਾ ਕਾਹਨ ਸਿੰਘ ਰਾਗੀ | | 1864 | 3000/- |

Digitized by Panjab Digital Library | www.panjabdigilib.org

ਹੁਣ ਹੀਰਾ ਸਿੰਘ ਤੋੱਸ਼ੇਖਾਨੀਏ ਦੇ ਪਾਸ ਹੈ ।

5. ਬੁੰਗਾ ਨੂਰ ਮਹਿਲੀਆਂ ਦੁਮੰਜ਼ਲਾ 1870 2200/-

6. ਬੁੰਗਾ ਆਹਲੂਵਾਲੀਆ ਤਿਮੰਜ਼ਲਾ 1860 26000/-
ਸ: ਫ਼ਤਿਹ ਸਿੰਘ

7. ਬੁੰਗਾ ਮਲਵਈਆਂ ਚੁਮੰਜ਼ਲਾ 1835 50000/-ਰਾਜਗਾਨ
ਫੁਲਕੀਆਂ

ਇਸ ਨਾਲ ਸੱਤ ਹਜ਼ਾਰ ਦੀ ਜਗੀਰ ਸੇਵਾ ਬਹੁਤ ਸਾਰੇ ਦੁਕਾਨਾ ਦੇ ਕਰਾਏ ਦੀ ਹੈ । ਇਹ ਲੰਗਰ ਵਾਸਤੇ ਸੀ ਪਰ ਰੋਟੀ ਕਿਸੇ ਨੂੰ ਨਹੀਂ ਮਿਲਦੀ , ਇਸ ਬੁੰਗੇ ਵਿਚ 10 ਰੁਪਏ ਰੋਜ਼ ਦੇ ਹਿਸਾਬ ਸਰਕਾਰ ਜੀਂਦ ਵਲੋਂ ਲੰਗਰ ਵਾਸਤੇ ਮਿਲਦੇ ਹਨ, ਇਥੋਂ ਸਭ ਨੂੰ ਖਾਣਾ ਮਿਲਦਾ ਹੈ।

8. ਬੁੰਗਾ ਭਾਈਕਿਆਂ ਕੇਥਲ , 1844 5000/-

9. ਬੁੰਗਾ ਜਲਹਿ ਵਾਲੀਆਂ ਪੰਜ ਮੰਜ਼ਲਾਂ 1860 28000/-

## ਬੁੰਗੇ ਮਸ਼ਰਕ ਵਲ ਦੇ

1. ਬੁੰਗਾ ਅਖਾੜਾ ਛਿਮੰਜ਼ਲਾ 1812 ਡੇਢ ਲੱਖ
ਮਹੰਤ ਸੰਤੋਖ ਦਾਸ ( 15 ਹਜ਼ਾਰ ਦੀ ਆਮਦਨੀ ਹੈ )

2. ਬੁੰਗਾ ਰਾਮ ਸਿੰਘ 1835 1800/-
ਗਿਆਨੀ ਕੌਮ ਭਟ

(ਇਸ ਨੇ ਭ: ਮਨੀ ਸਿੰਘ ਜੀ ਤੋ ਅਰਥ ਸੁਣੇ ਅਤੇ ਅਗੇ ਸੰਪਰਦਾਇ ਤੁਰੀ,)

3. ਬੁੰਗਾ ਜੱਸਾ ਸਿੰਘ 1812 ਦੋ ਲੱਖ ਪਚੰਤਰ
ਰਾਮ ਗੜ੍ਹੀਆ ਹਜ਼ਾਰ

ਪਰੇਮ ਸਿੰਘ ਬੋਗਈ ਦੇ ਨਾਂ ਚਾਰ ਸੌ ਦੀ ਜਗੀਰ ਸੀ, ਜੋ ਜ਼ਬਤ ਹੋ ਗਈ ਹੈ, ਇਸ ਬੁੰਗੇ ਨਾਲ ਦੋ ਮੁਨਾਰੇ 32 ਗਜ਼ ਅਮਾਰਤੀ ਉਚੇ ਹਨ। ਇਹ ਬੁੰਗਾ ਸਾਰਿਆ ਬੁੰਗਿਆ ਨਾਲੋਂ ਵੱਡਾ ਹੈ।

4. ਬੁੰਗਾ ਬੂੜੀਏ ਵਾਲਾ ਦੁਮੰਜ਼ਲਾ 1828 3000/-
ਭਾਈ ਬੁੱਧ ਸਿੰਘ
ਦੇ ਪਾਸ ਹੈ

Digitized by Panjab Digital Library | www.panjabdigilib.org

( 600 /- ਰੁਪਏ ਦੀ ਜਗੀਰ ਜ਼ਬਤ ਹੋ ਗਈ ਹੈ )

| | | | |
|---|---|---|---|
| 5. ਬੁੰਗਾ ਜੇਠੂ ਵਾਲੀਆਂ | ਦੁਮੰਜ਼ਲਾ | 1835 | 2000/- |
| 6. ਬੁੰਗਾ ਮਜ਼ਬੀ ਸਿੰਘਾਂ | ਦੁਮੰਜ਼ਲਾ | 1839 | 5000/- |
| 7. ਬੁੰਗਾ ਭਾ : ਬਸਤੀ ਰਾਮ | ਤਿਮੰਜ਼ਲਾ | 1870 | 25000/- |

ਇਸ ਬੁੰਗੇ ਦੇ ਨਾਂ ਅਕਾਲ ਬੁੰਗਿਉ ਪੰਜ ਨਾਮੇ ਹਨ।

| | | | |
|---|---|---|---|
| 8. ਬੁੰਗਾ ਜਵਾਲਾ ਸਿੰਘ ਭੜਾਣੀਆਂ | ਤਿਮੰਜ਼ਲਾ | 1865 | 18000/- |
| 9. ਬੁੰਗਾ ਮਹੰਤ | ਤਿਮੰਜ਼ਲਾ | 1807 | 30000/- ਜੋਗਾ ਸਿੰਘ ਨਿਰਮਲਾ ਭਾਈ ਰਣ ਸਿੰਘ ਤੇ ਸਾਹਿਬ ਸਿੰਘ |
| 10. ਬੁੰਗਾ ਟੇਕ ਸਿੰਘ | ਦੁਮੰਜ਼ਲਾ | 1860 | 1800/- |

## ਬੁੰਗੇ ਮਗਰਬ ਵੱਲ ਦੇ

| | | | |
|---|---|---|---|
| 1. ਬੁੰਗਾ ਸੋਲ੍ਹਾ ਵਾਲਾ | | 1842 | 3000/- |
| 2. ਬੁੰਗਾ ਬੁੱਧ ਸਿੰਘ | ਇਕ ਮੰਜ਼ਲਾ | 1847 | 1500/- |
| 3. ਬੁੰਗਾ ਸੂਈਆਂ ਵਾਲਾ | ਦੁਮੰਜ਼ਲਾ | 1863 | 2000/- |
| 4. ਬੁੰਗਾ ਸ਼ਹੀਦਾਂ ਵਾਲਾ | ਦੁਮੰਜ਼ਲਾ | 1821 | ਸ਼ਹੀਦ ਦੀਪ ਸਿੰਘ ਨੇ ਨੀਂਹ ਰੱਖੀ ,ਕੁਝ ਜਗੀਰ ਵੀ ਹੈ,ਪੰਜਵਾਂ ਗੁਰੂਦਵਾਰਾ ਵੀ ਕਹਿੰਦੇ ਹਨ। |
| 5. ਬੁੰਗਾ ਕੇਸਗੜ੍ਹੀਆਂ | ਦੁਮੰਜ਼ਲਾ | 1822 | 2800/- |
| 6. ਬੁੰਗਾ ਅਨੰਦ ਪੁਰੀਆਂ ਸੋਢੀਆਂ | ਦੁਮੰਜ਼ਲਾ | 1850 | 2500/- |
| 7. ਬੁੰਗਾ ਦਸੌਂਧਾ ਸਿੰਘ ਸਿਧਵਾਂ ਵਾਲਾ | ਇਕ ਮੰਜ਼ਲਾ | 1824 | 3000/- |

Digitized by Panjab Digital Library | www.panjabdigilib.org

| | | | |
|---|---|---|---|
| 8. ਬੁੰਗਾ ਸੁਜਲਹਿ ਵਾਲਾ | ਦੁਮੰਜ਼ਲਾ | 1845 | 2300/- |
| 9. ਬੁੰਗਾ ਕਾਲਿਆਂ ਵਾਲਾ | ਇਕ ਮੰਜ਼ਲਾ | 1852 | 2000/- |
| 10. ਬੁੰਗਾ ਤਾਰਾ ਸਿੰਘ ਗੈਬਾਂ | ਦੁਮੰਜ਼ਲਾ | 1822 | 2000/- |

ਇਹ ਮਨਾ ਸਿੰਘ ਨਿਰਮਲੇ ਦੇ ਪਾਸ ਰਿਹਾ ਹੁਣ ਆਤਮਾ ਸਿੰਘ ਬਰਕੀ ਵਾਲੇ ਦੇ ਪਾਸ ਹੈ।

| | | | |
|---|---|---|---|
| 11. ਬੁੰਗਾ ਤਾਰਾ ਸਿੰਘ ਮਾਨ | ਦੁਮੰਜ਼ਲਾ | 1821 | 4700/- |
| 12. ਬੁੰਗਾ ਥਾਨੇਸਰੀਆਂ | ਦੁਮੰਜ਼ਲਾ | 1823 | 2500/- |
| 13. ਬੁੰਗਾ ਤੇਜਾ ਸਿੰਘ ਸਾਨ੍ਹੇਵਾਲਾ | ਦੁਮੰਜ਼ਲਾ | 1819 | 2800/- ਚੁਰਾਗੀਆਂ ਪਾਸ ਹੈ। |
| 14. ਬੁੰਗਾ ਛਲੌਂਦੀ ਵਾਲਾ (ਮਾਨਾਂ ਵਾਲਾ) | ਤਿਮੰਜ਼ਲਾ | 1821 | 2200/- |
| 15. ਬੁੰਗਾ ਮੀਰਾਂ ਕੋਟੀਆਂ | ਇਕ ਮੰਜ਼ਲਾ | 1841 | 2900/- |
| 16. ਬੁੰਗਾ ਸ਼ਾਮ ਸਿੰਘ ਅਟਾਰੀ ਵਾਲਾ | ਦੁਮੰਜ਼ਲਾ | 1855 | 6000/- |
| 17. ਬੁੰਗਾ ਜੱਸਾ ਸਿੰਘ ਨਿਰਮਲਾ | ਤਿਮੰਜ਼ਲਾ | 1821 | 2500/- |
| 18. ਬੁੰਗਾ ਲੱਖਾ ਸਿੰਘ | ਤਿਮੰਜ਼ਲਾ ਮਹੰਤ ਨਿਰਮਲਾ | 1841 | 3000/- |
| 19. ਬੁੰਗਾ ਚੜ੍ਹਤ ਸਿੰਘ ਰਾਗੀ | ਤਿਮੰਜ਼ਲਾ | 1850 | 2600/- |
| 20. ਬੁੰਗਾ ਜੋਧ ਸਿੰਘ ਸੋੜੀਆਂ ਵਾਲਾ | ਦੁਮੰਜ਼ਲਾ | 1821 | 5000/- |
| 21. ਬੁੰਗਾ ਭੜਾਣੀਆਂ | ਦੁਮੰਜ਼ਲਾ | 1867 | 2700/- |
| 22. ਬੁੰਗਾ ਖੋਲਾਵਾਲ | ਇਕ ਮੰਜ਼ਲਾ (ਵੱਡੇ ਘਾਟ ਪਾਸ) | 1831 | 4200/- |

Digitized by Panjab Digital Library | www.panjabdigilib.org

ਜਦੋ ਇਹ ਬੁੰਗਾ ਬਣੇ ਸਨ ਤਾਂ ਹਜ਼ਾਰ ਇੱਟ ਦੇ ਦੱਸ ਆਨੇ, ਰਾਜ ਚਾਰ ਆਨੇ, ਮਜ਼ੂਰ ਦੋ ਆਨੇ ਅਤੇ ਚੂਨਾ ਆਦਿ ਮਸਾਲਾ ਬਹੁਤ ਸਸਤਾ ਸੀ, ਲਕੜੀ ਇਕ ਰੁਪਏ ਦੀ ਛੇ ਤਸੂ ਮਿਲਦੀ ਸੀ ।

ਅਜੱ ਕਲ ਅਡੋਲ ਹੀ ਚਾਰ ਗੁਣਾ ਖਰਚ ਹੋ ਜਾਂਦਾ ਹੈ।

## ਰਾਹ ਜੋ ਦਰਬਾਰ ਸਾਹਿਬ ਨੂੰ ਆਉਂਦੇ ਹਨ

1. ਅਕਾਲ ਬੁੰਗਾ ਪਾਸ ਗੁਰੂ ਤੇਗ ਬਹਾਦਰ ਜੀ ਦੇ ਥੜ੍ਹੇ ਪਾਸੋਂ, ਪੈਰ ਧੋਣ ਲਈ ਚੁਬੱਚਾ ਹੈ।
2. ਬਜ਼ਾਰ ਝੂਠੇ ਗਹਿਣੇ , ਜਿਸ ਅਗੇ ਇਕ ਇਮਲੀ ਦਾ ਰੁੱਖ ਹੈ। ਪੈਰ ਧੋਣ ਲਈ ਚੁਬੱਚਾ ਹੈ ।
3. ਬੁੰਗਾ ਸ਼ਾਹਬਾਦੀਆਂ ਪਾਸ ।
4. ਗਲੀ ਵਿਚਕਾਰ ਬੁੰਗਾ ਸਾਵਣ ਸਿੰਘ ਨਿਰਮਲਾ ਅਟਾਰੀ ਵਾਲਾ ।
5. ਗਲੀ ਸ਼ਕਰੀ ਖੂਹੀ : ਇਹ ਖੂਹੀ ਭਾਈ ਦੇਸ ਰਾਜ ਦੀ ਬਣਵਾਈ ਹੋਈ ਹੈ, ਦੇਸ ਰਾਜ ਦੀ ਔਰਤ ਨੇ ਜੋ ਮਜ਼ੂਰੀ ਚੂਨਾ ਪੀਹ ਕੇ ਕਠੀ ਕੀਤੀ ਸੀ, ਉਸ ਦੀ ਲਾਗਤ ਨਾਲ ਇਹ ਬਣੀ, ਪਾਣੀ ਬਹੁਤ ਮਿਠਾ ਹੋਣ ਕਰਕੇ ਇਹ ਨਾਮ ਪਿਆ ।
6. ਗਲੀ ਸ਼ਹੀਦ ਬੁੰਗਾ, ਜੋ ਕੌਲਸਰ ਵਲੋਂ ਆਉਂਦੀ ਹੈ, ਚੁਬੱਚਾ ਹੈ।
7. ਨਿਰਮਲੇ ਸੰਤਾਂ ਦੇ ਬੁੰਗਾ ਹੇਠ ਚੁਬੱਚਾ ਹੈ।
8. ਗਲੀ ਗੁਰੂ ਕੇ ਬਾਗ ਦੀ, ਵਸਤੀਰਾਮ ਤੇ ਮਜ਼੍ਹਬੀਆਂ ਦੇ ਬੁੰਗਿਆਂ ਦੇ ਵਿਚਕਾਰ ਹੈ।
9. ਗਲੀ ਵਿਚਕਾਰ ਅਖਾੜਾ ਬ੍ਰਹਮ ਬੂਟਾ ਤੇ ਰਾਮਗੜ੍ਹੀਆਂ
10. ਰਾਹ ਵਿਚਕਾਰ ਬੁੰਗਾ ਟੌਟੀ ਵਾਲ ਤੇ ਹੀਰਾ ਸਿੰਘ ਤੋਸ਼ੇਖਾਨੀਆਂ
11. ਰਾਹ ਵਿਚਕਾਰ ਘੰਟਾ ਘਰ ਤੇ ਬੁੰਗਾ ਸੋਢੀਆਂ
12. ਪੌੜੀਆਂ ਘੰਟਾ ਘਰ।
13. ਪੌੜੀਆਂ ਬੁੰਗਾ ਸਰਕਾਰ, ਜਿਥੇ ਬੋਰਡ ਲੱਗਾ ਹੈ।

ਹੋਰ ਬਹੁਤ ਸਾਰੇ ਰਸਤੇ ਬੁੰਗਿਆਂ ਵਿਚੋਂ ਆਉਣ ਦੇ ਹਨ।

Digitized by Panjab Digital Library | www.panjabdigilib.org

## ਹਾਲ ਸਰੋਵਰ

ਇਹ 500×490 ਫੁੱਟ ਹੈ। ਪੌੜ ਚਾਰ ਫੁਟ ਚੌੜਾ , ਪਾਣੀ ਹੰਸਲੀ ਦਾ ਪੈਂਦਾ ਹੈ ਜੋ ਜਲਹਿਵਾਲੀਆਂ ਦੇ ਬੁੰਗੇ ਦੇ ਹੇਠ ਦੀ ਆਉਂਦੀ ਹੈ, ਅਤੇ ਕੌਲ ਸਰ ਵਲੋ ਨਿਕਲ ਕੇ ਖੇਤਾਂ ਨੂੰ ਪਾਣੀ ਦਿੰਦੀ ਹੈ। ਇਹ ਨਹਿਰ ਗੰਢਾ ਸਿੰਘ ਭੰਗੀ ਦੇ ਵੇਲੇ ਸੰਮਤ 1835 ਨੂੰ ਪਰੀਤਮ ਦਾਸ ਅਤੇ ਸੰਤੋਖ ਦਾਸ ਮਹੰਤਾਂ ਨੇ ਸਰਦਾਰਾਂ ਦੀ ਮਦਦ ਨਾਲ ਅਰਥਾਤ ਹਰ ਇਕ ਸਰਦਾਰ ਆਪਣੀ - ਆਪਣੀ ਵਿੱਤ ਅਨੁਸਾਰ ਹਿਸਾ ਕਢ ਦਿੰਦਾ, ਬਣਵਾਈ ।

ਫਸੀਲ ਤੋਂ ਸਰੋਵਰ ਤੀਕ ਪੱਕੀ ਅਤੇ ਛੱਤੀ ਹੋਈ ਹੈ , ਜਿਥੇ ਆਕੇ ਸਰੋਵਰ ਵਿਚ ਪੈਂਦੀ ਹੈ ਉਥੋਂ ਇਕ ਬੁੰਗਾ ਹੈ । ਰਾਮ ਸਿੰਘ ਜਲਹੇਵਾਲੀਆਂ ਦਾ ਹੈ, 700 ਰੁ: ਦਾ ਬਣਿਆ ਹੋਇਆ ਇਕ ਸ਼ਮਾਲ ਵਲ ਜ਼ਨਾਨਾ ਗੁਸਲਖਾਨਾ ਵੀ ਹੈ, ਦੂਜਾ ਦੁਖ ਭੰਜਣੀ ਪਾਸ, ਤੀਜਾ ਜਨੂਬ ਵਿਚ ਅਤੇ ਚੌਥਾ ਦਰਸ਼ਨੀ ਦਰਵਾਜ਼ੇ ਪਾਸੇ ।

## ਸੰਗ ਮਰਮਰ ਪਰਕਰਮਾਂ ਦਾ

ਦਰਸ਼ਣੀ ਦਰਵਾਜ਼ਿਓ ਬਾਬੇ ਬੁਢੇ ਦੀ ਬੇਰ ਤੀਕ ਸੰਗ ਮਰਮਰ ਪਰਕਰਮਾਂ ਅਤੇ ਪੌੜੀਆਂ ਮਹਾਰਾਜਾ ਸ਼ੇਰ ਸਿੰਘ ਨੇ , ਬਾਬੇ ਬੁਢੇ ਦੀ ਬੇਰੋਂ ਪੋਣੇ ਤੀਕ ਸੰਮਤ 1916 ਤੋਂ ਸੰਮਤ 1920 ਤੀਕ ਭਾਈ ਪਰਦੁਮਣ ਸਿੰਘ ਨੇ ਜਗੀਰ ਦਰਬਾਰ ਸਾਹਿਬ ਵਿਚੋਂ , ਸੰਗਮਰਮਰ ਪਰਕਰਮਾਂ ਅਤੇ ਪੌੜੀਆਂ ਸੰਮਤ 1923 ਤੋਂ ਸੰਮਤ 1928 ਤੀਕ ਰਾਜਾ ਇੰਦਰ ਸਿੰਘ ਕਪੂਰਥਲੀਏ ਨੇ, ਜ਼ਨਾਨਾ ਪੋਣਾਂ ਸ਼ਮਾਲ ਤੋਂ ਲੈਕੇ ਅਠਸਠ ਤੀਰਥ ਤੀਕ ਪਰਕਰਮਾਂ ਬਣਵਾਈ , ਪੌੜੀਆਂ ਨਹੀਂ, ਜਿਥੋਂ ਤੀਕ ਚਿੱਟੇ ਪੱਥਰ ਵਿਚ ਲਾਲ ਪੱਥਰ ਲੱਗਾ ਹੋਇਆ ਹੈ, ਸਭ ਆਹਲੂਵਾਲੀਆਂ ਦਾ ਹੈ । ਗੁਰੂ ਕੇ ਬਾਗ ਦੇ ਛੋਟੇ ਦਰਵਾਜ਼ੇ ਤੋਂ ਲੈ ਕੇ ਮਜੀਠੀਆਂ ਦੇ ਬੁੰਗਾ ਤੀਕ ਸਾਰੀ ਪਰਕਰਮਾਂ ਰਾਜਾ ਰਘਬੀਰ ਸਿੰਘ ਜੀਂਦ ਨੇ ਸੰਮਤ 1936 ਤੋਂ ਸੰਮਤ 1944 ਤੀਕ, ਬੁੰਗਾ ਮਜੀਠੀਆਂ ਤੋਂ ਬੁੰਗਾ ਜਮਾਂਦਾਰ ਤੀਕ, ਸ: ਗੁਲਾਬ ਸਿੰਘ ਭਾਗੋ ਵਾਲੀਏ ਨੇ ਦਰਬਾਰ ਸਾਹਿਬ ਜੀ ਦੀ ਜਗੀਰ ਵਿਚੋਂ ਫਰਸ਼ ਸੰਗਮਰਮਰ ਸੰਮਤ 1944 ਤੋਂ ਸੰਮਤ 1950 ਤੀਕ, ਬੁੰਗਾਂ ਜਮਾਂਦਾਰ ਤੋਂ ਲੈ ਕੇ ਮੀਰਾਂ ਕੋਟੀਆਂ ਤੇ ਮਾਨਾਂ ਵਾਲਾ ਬੁੰਗੇ ਤੀਕ ਪੌੜੀ ਵੀ, ਤੀਰਥ ਦੀ ਪੌੜੀ ਵੀ, ਜਗੀਰ ਦਰਬਾਰ ਸਾਹਿਬ ਵਿਚੋਂ, ਦੁਖ ਭੰਜਣੀ ਦੀ ਪੌੜੀ ਸੰਗਮਰਮਰ ਤੁਲਸੀ ਦਾਸ ਭਗਤ ਰਾਮ ਸ਼ਾਹੂਕਾਰਾਂ ਨੇ, ਮੀਰਾਂ ਕੋਟੀਏ ਦੇ ਬੁੰਗੇ ਤੋਂ ਬੁੰਗਾ ਮਾਨਾਂ ਵਾਲਾ

Digitized by Panjab Digital Library | www.panjabdigilib.org

ਤੀਕ ਸੰਮਤ 1951 ਵਿਚ ਜਗੀਰ ਦਰਬਾਰ ਸਾਹਿਬ ਵਿਚੋਂ ਗਿਆਨੀ ਗੁਰਬਖਸ਼ ਸਿੰਘ, ਰਾਜਾ ਰਣਧੀਰ ਸਿੰਘ ਨੇ ਇਕ ਗਜ਼ ਮੁਰੱਬਾ ਪੱਥਰ 19 ਰੁਪਏ ਵਿਚ ਲਗਵਾਇਆ ਅਤੇ ਰਾਜਾ ਰਘਬੀਰ ਸਿੰਘ ਨੇ 5 ਰੁਪਏ ਗਜ਼ ਵਿਚ ।

## ਮੇਲੇ ਦਰਬਾਰ ਸਾਹਿਬ

1. ਵੈਸਾਖੀ
2. ਨਿਰਜਲਾ ਅਕਾਦਸ਼ੀ
3. ਬਿਆਸ ਪੁੰਨਿਆ
4. ਗੁਰਪੁਰਬ ਭਾਦੋਂ ਸੁਦੀ ਤੀਜ
5. ਦੁਸਹਿਰਾ
6. ਦੀਪ ਮਾਲਾ
7. ਗੁਰਪੁਰਬ ਕਤਕ ਸੁਦੀ ਏਕਮ ਗੁਰੂ ਰਾਮਦਾਸ ਜੀ ਦਾ ਜਨਮ
8. ਗੁਰਪੁਰਬ ਕਤਕ ਸੁਦੀ ਪੰਚਮ ਗੁਰੂ ਦਸਮ ਜੀ ਦਾ ਜੋਤੀ ਜੋਤ
9. ਗੁਰਪੁਰਬ ਕਤਕ ਸੁਦੀ ਪੁੰਨਿਆ ਗੁਰੂ ਨਾਨਕ ਦੇਵ ਜੀ
10. ਗੁਰਪੁਰਬ ਪੋਹ ਸੁਦੀ ਸਪਤਮ
11. ਮਾਘੀ, ਲੋਹੜੀ
12. ਬਸੰਤ ਪੰਚਮੀ,
13. ਹੋਲੀ
14. ਸਾਂਵੇ ਸਾਵਨ ਦੇ ਚਾਰੇ

ਬਾਕੀ ਸੰਗਰਾਂਦ ਮੱਸਿਆ ਅਤੇ ਹਰ ਐਤਵਾਰ ਨੂੰ ਮੇਲਾ ਹੀ ਬਣਿਆ ਰਹਿੰਦਾ ਹੈ। ਇਨ੍ਹਾਂ ਮੇਲਿਆਂ ਦੇ ਦਿਨਾਂ ਵਿਚ ਹੀ ਜੜਾਊ ਛਤਰ ਅਤੇ ਜ਼ਰਦੋਜ਼ ਚਾਂਦਨੀ ਲਗਾਈ ਜਾਂਦੀ ਹੈ। ਪਹਿਲਾਂ ਦਰਵਾਜ਼ਿਆਂ ਉਤੇ ਸੋਨੇ ਦੇ ਤਖਤੇ ਵੀ ਚੜ੍ਹਾਏ ਜਾਂਦੇ ਸਨ। ਸਾਏਬਾਨ ਬਣਾਉਟੀ ਪੁਲ ਉਤੇ ਅਤੇ ਛੋਟੀ ਪਰਕਰਮਾਂ ਉਤੇ ਲਾਏ ਜਾਂਦੇ ਸਨ। ਇਕ ਵਡਾ ਸਾਏਬਾਨ ਦਰਸ਼ਨੀ ਦਰਵਾਜ਼ੇ ਅਗੇ ਅਤੇ ਦੂਜਾ ਅਕਾਲ ਬੁੰਗੇ ਅੱਗੇ, ਚੋਬਾਂ ਨੁਕਰੀ ਅਤੇ ਤਲਈ ਸਭ ਸਾਏਬਾਨਾਂ ਦੀਆਂ ਸਿੰਘ, ਸਿੱਖ ਖੁਸ਼ੀਆਂ ਮਨਾਉਂਦੇ ਅਤੇ ਸ਼ਬਦ ਪੜ੍ਹਦੇ ਸਨ ।

ਵੈਸਾਖੀ ਨੂੰ ਜ਼ਿਮੀਦਾਰ ਬਹੁਤ ਆਉਂਦੇ ਹਨ। ਦੀਪਮਾਲਾ ਉਤੇ ਦਸ-ਦਸ

Digitized by Panjab Digital Library | www.panjabdigilib.org

ਹਜ਼ਾਰ ਸਾਧੂ ਮਹੀਨਾ ਮਹੀਨਾ ਭਰ ਰਹਿੰਦੇ ਹਨ। ਸ਼ਹਿਰ ਦੇ ਲੋਕ ਸਵੱਛ ਭੋਜਨ ਦੇਂਦੇ ਹਨ, ਮੇਲਾ ਹੋਲੀ ਜੈਸਾ ਕਿ ਰਾਗ ਰੰਗ, ਗੁਲਾਬ ਅਤੇ ਗੁਲਾਲ ਆਦਿ ਦਾ ਉਡਣਾ ਅਤੇ ਮਹਿਫਲ ਦਾ ਜੰਮਣਾ ਜੈਸਾ ਇਥੇ ਹੁੰਦਾ ਹੈ ਸ਼ੈਦ ਐਸਾ ਤਖਤਾ ਜ਼ਮੀਨ ਉਤੇ ਨਹੀਂ ਹੁੰਦਾ ਹੋਏਗਾ ।

## ਹਾਲ ਦੁਖ ਭੰਜਨੀ ਸਾਹਿਬ

ਇਕ ਥੜ੍ਹਾ ਗੁਰੂ ਅਰਜਨ ਦੇਵ ਜੀ ਦੇ ਬੈਠਣ ਦਾ ਹੈ, ਇਕ ਘਾਟ ਬੇਰੀ ਹੇਠ ਹੈ ਜਿਥੇ ਕੋੜ੍ਹਾ ਰਾਜੀ ਹੋਇਆ ਸੀ, ਗੁਰੂ ਅਰਜਨ ਦੇਵ ਜੀ ਦੇ ਚੁਬੂਤਰੇ ਉਤੇ ਬੰਗਲਾ ਭਾਈ ਜੱਸਾ ਸਿੰਘ ਗ੍ਰੰਥੀ ਅਤੇ ਭਾਗ ਸਿੰਘ ਮਸੱਦੀ ਆਦਿ ਨੇ ਤਿਆਰ ਕਰਵਾਇਆ ਅਤੇ ਸੰਮਤ 1881 ਵਿਚ ਮਹਾਰਾਜਾ ਨੇ ਸੁਨਹਿਰੀ ਕਰਵਾਇਆ, ਬੇਰ ਦੁਖ ਭੰਜਨੀ ਹੇਠ ਇਕ ਮਕਾਨ ਦੇਵੀ ਦਵਾਰਾ । ਬਣਿਆ ਹੋਇਆ ਹੈ ਜਿਸ ਨੂੰ ਸੰਮਤ 1880 ਵਿਚ ਜਵਾਲਾ ਸਿੰਘ ਭੜਾਣੀਆਂ ਨੇ ਸੁਨਹਿਰੀ ਕਰਵਾਇਆ, ਦੋ ਬੰਗਲੇ ਦੁਖ ਭੰਜਨੀ ਘਾਟ ਦੇ ਦੁਵਲੀ ਸੁਨਹਿਰੀ ਮਹਾਰਾਜਾ ਨੇ ਸੰਮਤ 1882 ਨੂੰ ਬਣਵਾਏ, ਇਕ ਮਕਾਨ ਘਾਟ ਦੇ ਸੱਜੇ ਹੱਥ ਸੰਮਤ 1899 ਨੂੰ ਪੁਜਾਰੀਆ ਦੇ ਚੰਦੇ ਤੋਂ ਬਣਿਆ। ਪੌਣਾ ਸੰਮਤ 1909 ਨੂੰ ਜਗੀਰ ਦਰਬਾਰ ਸਾਹਿਬ ਵਿਚੋਂ, ਇਕ ਬੁੰਗਾ ਅਰਥਾਤ ਨਦਰੀ ਪੇਸ਼ ਬੁੰਗਾ ਪੜਾਏ ਦੇ ਮਸੱਮੀ ਰਾਮ ਸ਼ਾਹਪੁਰੀ ਨੇ ਸੰਮਤ 1904 ਨੂੰ, ਇਕ ਬੰਗਲਾ ਸਰਦੂਲ ਸਿੰਘ ਮਾਨ ਨੇ ਜਨੂਬੀ ਪੌਣੇ ਪਾਸ ਸੰਮਤ 1910 ਨੂੰ, ਇਕ ਬੰਗਲਾ ਹੀਰਾ ਸਿੰਘ ਪਸ਼ੋਰੀਏ ਨੇ ਲਾਚੀ ਬੇਰ ਪਾਸ ਸੰਮਤ 1905 ਨੂੰ, ਜਿਥੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੁੰਦਾ ਹੈ।

## ਹਾਲ ਗੁਰੂ ਕਾ ਬਾਗ

ਪਹਿਲੋਂ ਇਥੇ ਬੇਰੀ ਪਿਪਲ ਆਦਿ ਦੇ ਬਹੁਤ ਰੁੱਖ ਹੁੰਦੇ ਸਨ। ਜਿਨ੍ਹਾਂ ਦੀ ਛਾਂ ਹੇਠਾਂ ਗੁਰੂ ਅਰਜਨ ਦੇਵ ਜੀ ਅਕਸਰ ਬੈਠਦੇ ਅਤੇ ਉਸਨੂੰ ਗੁਰੂ ਕਾ ਬਾਗ ਆਖਦੇ। ਇਥੇ ਦੋ ਖੂਹ ਇਕ ਬਾਗ ਵਿਚ ਅਤੇ ਇਕ ਬਾਬਾ ਅਟਲ ਦੇ ਮਕਾਨ ਅੰਦਰ, ਸ਼ਹਿਰ ਦੀ ਅਬਾਦੀ ਤੋਂ ਪਹਿਲਾਂ ਸੁਲਤਾਨ ਵਿੰਡ ਦੇ ਜ਼ਿਮੀਂਦਾਰਾਂ ਨੇ ਬਣਵਾਏ ਸਨ। ਇਸ ਬਾਗ ਦੇ ਖੂਹ ਪਾਸ ਇਕ ਭਗਤ ਸਿੰਘ ਪੰਡਤ ਨਿਰਮਲਾ, ਚੇਲਾ ਭਾਈ ਮਨੀ ਸਿੰਘ ਜੀ ਰਿਹਾ ਕਰਦਾ ਅਤੇ ਕਥਾ ਸੁਣਾਇਆ ਕਰਦਾ, ਮੰਗ ਪਿੰਨ ਕੇ ਲੰਗਰ ਚਲਾਉਂਦਾ ਅਤੇ ਲੰਗਰ ਕਦੀ ਨਾ ਖੁੱਟਦਾ, ਹਰ ਵੇਲੇ ਲੋਹ ਤਪਦੀ ਹੀ ਰਹਿੰਦੀ । ਸਿਖ ਸਰਦਾਰ ਜੋ ਖਾਲਸਾ ਦਲ ਦੇ ਲੁਟ ਮਾਰ ਕਰਕੇ

Digitized by Panjab Digital Library | www.panjabdigilib.org

ਲਿਆਉਂਦੇ ਉਹ ਲੰਗਰ ਦੀ ਸੇਵਾ ਕਰਦੇ । ਪੰਡਤ ਭਗਤ ਸਿੰਘ ਦਾ ਇਕ ਚੇਲਾ ਸਰੂਪ ਸਿੰਘ ਬਾਰਾਂ ਵਰ੍ਹੇ ਸੁਲਤਾਨ ਵਿੰਡ ਤੇ ਦਲਵਾਲੀ ਆਦਿ ਪਿੰਡਾਂ ਤੋਂ ਮੰਗ-ਮੰਗ ਕੇ ਅੰਨ ਲੰਗਰ ਵਿਚ ਪਾਉਂਦਾ ਰਿਹਾ ਜਿਸ ਕਰਕੇ ਉਸ ਦੇ ਨੇਤਰ ਖੁੱਲ ਗਏ। ਪਠਾਣਾ ਦੇ ਹੱਲਿਆ ਵੇਲੇ ਭਾਵੇਂ ਉਹ ਮਕਾਨ ਖਸਤਾ ਹੋ ਗਿਆ ਪਰ ਭਾਈ ਸਾਹਿਬ ਸਿੰਘ ਅਤੇ ਰਣ ਸਿੰਘ ਨਿਰਮਲੇ ਸਾਧੂ ਇਸੇ ਥਾਂਈ ਬੈਠੇ ਰਹੇ ਜਿਨ੍ਹਾਂ ਦਾ ਬੁੰਗਾਂ ਹੁਣ ਪਰਕਰਮਾਂ ਵਿਚ ਬਣਿਆ ਹੋਇਆ ਹੈ, ਬਥੇਰਾ ਸਿਖ ਸਰਦਾਰਾਂ ਨੇ ਜਗੀਰ ਦੇਣੀ ਚਾਹੀ ਪਰ ਨਹੀਂ ਲਈ, ਸੋ ਪੰਥ ਵਿਚੋਂ ਇਕ ਭਾਈ ਸਦਾ ਸਿੰਘ ਹੋਇਆ ਹੈ ਜਿਸ ਨੇ ਕਾਂਸ਼ੀ ਵਿਚ ਚੇਤਨ ਮਠ ਨਾਮ ਸੰਗਤ ਬਣਾਈ ਅਤੇ ਮਾਨ ਸਿੰਘ ਜਿਨ੍ਹਾਂ ਨੇ ਕੁਰਖੇਤਰ ਵਿਚ ਕੁਮੇਰ ਉਤੇ ਮਕਾਨ ਬਣਵਾਇਆ ਅਤੇ ਦੂਸਰੇ ਮਾਨ ਸਿੰਘ ਨੇ ਫੂਪਾਰਚੀ ਪਰ, ਜਿਨ੍ਹਾਂ ਦੇ ਚੇਲੇ ਗੁਲਾਬ ਸਿੰਘ ਨੇ ਬਹੁਤ ਸਾਰੀਆਂ ਪੁਸਤਕਾਂ ਅਧਯਾਤਮ ਰਸੈਣ ਆਦਿ ਉਲਥੇ ਪੰਡਤ ਨਿਹਾਲ ਸਿੰਘ ਜੀ ਜਪੁ ਜੀ ਸਾਹਿਬ ਜੀ ਦਾ ਟੀਕਾ ਸੰਸਕ੍ਰਿਤ ਵਿਚ ਕਰਨ ਵਾਲੇ ਇਨ੍ਹਾਂ ਵਿਚੋਂ ਹੀ ਹੋਏ ਹਨ, ਮਹਾਰਾਜ ਰਣਜੀਤ ਸਿੰਘ ਦੇ ਵੇਲੇ ਗਿਆਨੀ ਸੰਤ ਸਿੰਘ ਨੇ, ਜੋ ਏਨ੍ਹਾਂ ਨਾਲ ਖਾਰ ਰੱਖਦਾ ਸੀ, ਜੋਰ ਨਾਲ ਗੁਰੂ ਕਾ ਬਾਗ ਇਨ੍ਹਾਂ ਪਾਸੋਂ ਖੋਹ ਲਿਆ ਅਤੇ ਸੰਮਤ 1872 ਨੂੰ ਨਿੰਬੂਆਂ ਦੇ ਬੂਟੇ ਲਾ ਕੇ ਬਾਗ ਬਣਾ ਦਿਤਾ। ਇਹ ਸਾਰੀ ਕਥਾ ਭਾਈ ਕੁਲਤਾਰ ਸਿੰਘ ਨੇ ਜੋ ਤਲਾਬ ਕੋਲਸਰ ਕੰਢੇ ਰਹਿ ਕੇ ਸੰਮਤ 1942 ਨੂੰ 135 ਬਰਸ ਦਾ ਹੋ ਕੇ ਗੁਜਰਿਆ ਹੈ, ਸੁਣਾਈ ਸੀ ਬਲਕਿ ਇਸ ਨੂੰ ਭਾਈ ਹਜ਼ੂਰੀ ਨੇ ਵੀ ਤਸਦੀਕ ਕੀਤਾ ਜੋ ਸੰਮਤ 1934 ਨੂੰ 126 ਬਰਸ਼ ਦੇ ਹੋ ਕੇ ਗੁਜਰੇ ਹਨ। ਇਸ ਬਾਗ਼ ਵਿਚ ਮੰਜੀ ਸਾਹਿਬ ਚਿੱਟੇ ਪਥਰ ਦਾ ਬਹੁਤ ਖ਼ੂਬਸੂਰਤ ਬੰਗਲਾ ਬਣਿਆ ਹੋਇਆ ਹੈ ਜਿਥੇ ਗੁਰੂ ਜੀ ਬੈਠਿਆ ਕਰਦੇ ਅਤੇ ਹੁਣ ਮੇਲਾ ਟੁਕੜੀ ਦਾ ਲਗਦਾ ਹੈ , ਮੰਜੀ ਸਾਹਿਬ ਦੇ ਮਸ਼ਰਕ ਵਲ ਦੋ ਫੁਹਾਰੇ ਚਿਟੇ ਪੱਥਰ ਦੇ ਹਨ ਜਿਥੇ ਬੈਠ ਕੇ ਮਹਾਤਮਾਂ ਗਿਆਨ ਚਰਚਾ ਕਰਦੇ ਹਨ। ਮਗ਼ਰਬ ਵਲ ਇਕ ਨਦਰੀ ਮੁਸਾਫਰ ਖਾਨਾ ਜਿਸ ਵਿਚ ਕਥਾ ਅਤੇ ਪਾਠ ਹੁੰਦਾ ਹੈ ਹੁਣ ਇਸੇ ਦੇ ਨਾਲ- ਨਾਲ ਸੰਮਤ 1949 ਨੂੰ ਇਕ ਵਡਾ ਰਸਤਾ ਦਰਬਾਰ ਸਾਹਿਬ ਜੀ ਨੂੰ ਨਿਕਲਿਆ ਹੈ, ਇਹ ਮੁਸਾਫਰ ਖਾਨਾ ਸੰਮਤ 1921 ਵਿਚ ਦਰਬਾਰ ਸਾਹਿਬ ਜੀ ਦੀ ਚੜ੍ਹਤ ਵਿਚੋਂ ਬਣਿਆ ਹੈ , ਮੰਜੀ ਸਾਹਿਬ ਦੇ ਜਨੂਬ ਨੂੰ ਇਕ ਖੂਹ ਸੰਮਤ 1921 ਇਕ ਕਸਬਣ ਗੁਰਦਿਤੀ ਨੇ ਬਣਵਾਇਆ ਸੀ । ਉਸਦੇ ਅਗੇ ਜਨੂਬ ਵੱਲ ਇਕ ਬੰਗਲਾ ਸੰਗਮਰਮਰ ਦਾ ਅਤੇ ਇਕ ਲਾਲ ਪੱਥਰ ਦਾ ਕੂਪਰ ਸਾਹਿਬ ਡਿਪਟੀ ਕਮਿਸ਼ਨਰ ਨੇ ਸੰਮਤ 1915 ਨੂੰ ਰਾਮ ਬਾਗ ਵਿਚੋਂ ਉਖਾੜ ਕੇ ਇਥੇ ਗੱਡ ਦਿਤੇ ਸਨ ਅਤੇ ਇਕ ਫੁਆਰਾ ਵੀ ਉਨ੍ਹਾਂ ਪਾਸ

Digitized by Panjab Digital Library | www.panjabdigilib.org

ਤਿਆਰ ਕੀਤਾ ਅਤੇ ਇਕ ਵੱਡਾ ਥੜ੍ਹਾ ਜਿਸਦੀਆਂ ਪੌੜੀਆਂ ਉਤੇ ਲਾਲ ਪੱਥਰ ਦਾ ਬੁੰਗਾ ਅਤੇ ਵਿਚਕਾਰ ਇਕ ਫੁਹਾਰਾ ਬਣਿਆ ਹੈ । ਇਥੇ ਸ਼ਾਮ ਨੂੰ ਸਦਾ ਗਿਆਨ ਚਰਚਾ ਹੁੰਦੀ ਹੈ, ਇਹ ਬੰਗਲਾ ਵੀ ਰਾਮ ਬਾਗ ਵਿਚੋਂ ਉਖਾੜ ਕੇ ਇਥੋ ਰਖਿਆ ਗਿਆ। ਫੁਹਾਰੇ ਪਾਸ ਇਕ ਚਾਦਰ ਪੱਥਰ ਦੀ ਜਿਸ ਉਤੋਂ ਦੀ ਖੂਹ ਦਾ ਪਾਣੀ ਪੈਂਦਾ ਹੈ ਬੜਾ ਸੁੰਦਰ ਲੱਗਦਾ ਹੈ, ਇਸ ਥੜ੍ਹਿਓਂ ਮਗ਼ਰਬ ਨੂੰ ਇਕ ਮੰਜੀ ਸਾਹਿਬ ਸ਼ਹੀਦਾਂ ਦੀ ਅਤੇ ਇਕ ਸੰਗਮਰਮਰ ਦਾ ਫੁਹਾਰਾ ਹੈ । ਇਥੇ ਹਰ ਚਾਂਦਨੀ ਪੰਚਮੀ ਨੂੰ ਮੇਲਾ ਲਗਦਾ ਹੈ । ਇਸ ਤੋਂ ਮਸ਼ਰਕ ਨੂੰ ਇਕ ਬਾਰਾਂ ਦਰੀ ਲਾਲ ਪੱਥਰ ਅਤੇ ਇਕ ਹੌਜ਼ ਜਿਸ ਵਿਚ ਫੁਹਾਰੇ ਹਨ ਇਹ ਵੀ ਰਾਮ ਬਾਗ ਵਿਚੋਂ ਹੀ ਸੰਮਤ 1896 ਨੂੰ ਮਹਾਰਾਜਾ ਸ਼ੇਰ ਸਿੰਘ ਨੇ ਬਣਵਾਈ ਸੀ ਇਕ ਛੋਟੀ ਬਾਰਾਂ ਦਰੀ ਲਾਲ ਪੱਥਰ ਦੀ ਜਿਥੋਂ ਦੀ ਲੰਘ ਕੇ ਬਾਬਾ ਅਟਲ ਦੇ ਦਰਸ਼ਨ ਨੂੰ ਜਾਈਦਾ ਹੈ, ਅਤੇ ਇਕ ਖੂਹ, ਕੋਟੂ ਮਲ ਖਤਰੀ ਨੇ ਸੰਮਤ 1920 ਨੂੰ ਬਣਵਾਇਆ। ਇਥੇ ਸਦਾ ਛਬੀਲ ਲੱਗੀ ਰਹਿੰਦੀ ਹੈ। ਇਥੇ ਸ਼ਾਮ ਨੂੰ ਬੜੀ ਰੌਣਕ ਗਿਆਨ ਚਰਚਾ ਹੁੰਦੀ ਹੈ, ਦਰਵਾਜੇ ਦੋ ਬਾਬਾ ਅਟਲ ਜੀ ਵਲ ਅਤੇ ਦੋ ਦਰਬਾਰ ਜੀ ਵਲ ਤੇ ਇਕ ਕਾਰਖਾਨਾ ਪੱਥਰ ਵਲ ਹੈ।

## ਹਾਲ ਬਾਬਾ ਅਟੱਲ ਸਾਹਿਬ

ਇਹ ਤੀਜੇ ਨੰਬਰ ਦਾ ਗੁਰਦਵਾਰਾ ਮਸ਼ਹੂਰ ਹੈ। ਅਟੱਲ ਰਾਏ ਗੁਰੂ ਹਰਗੋਬਿੰਦ ਜੀ ਦੇ ਚੌਥੇ ਸਪੁਤਰ ਸਨ। ਸੱਤਾਂ ਬਰਸਾਂ ਦੀ ਉਮਰੇ ਮੋਹਣ ਨੂੰ ਜਿਵਾਉਣ ਕਰਕੇ ਹੁਕਮ ਹੋਇਆ ਕਿ ਇਕ ਮਿਆਨੇ ਦੋ ਤਲਵਾਰਾਂ ਨਹੀਂ ਰਹਿੰਦੀਆਂ। ਆਪ ਨੇ ਇਥੇ ਵੈਰਾਨ ਜੰਗਲ ਵਿਚ ਆ ਕੇ ਪਰਾਨ ਛੱਡ ਦਿਤੇ। ਗੁਰੂ ਜੀ ਨੇ ਵਰ ਦਿਤਾ ਕਿ ਇਥੋ ਹਰ ਇਕ ਦੀ ਮੁਰਾਦ ਪੂਰੀ ਹੋਵੇਗੀ । ਇਹ ਗੁਰੂ ਘਰ ਦੇ ਥਾਣੇਦਾਰ ਹੋਏ ।

ਆਪ ਜੀ ਦੀ ਸਮਾਧ ਪਹਿਲਾ ਬਹੁਤ ਹੀ ਛੋਟੀ ਸੀ ਪਰ ਸਿੰਘਾਂ ਦੇ ਵਾਧੇ ਵੇਲੇ ਸੰਮਤ 1807 ਨੂੰ ਤਿਮੰਜ਼ਲਾ ਅਤੇ ਅਠ ਪਹਿਲੂ ਮਕਾਨ ਉਸ ਰੁਪੈ ਤੋਂ ਜੋ ਇਸ ਵਾਸਤੇ ਚੰਦਾ ਕਰਕੇ ਕਠਾ ਕੀਤਾ ਸੀ, ਬਣਿਆ ਜਿਸ ਉਤੇ ਸੰਮਤ 1878 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦਲ ਸਿੰਘ ਮਜੀਠੀਏ ਦੇ ਵੇਲੇ ਨੌ ਮੰਜ਼ਲਾਂ ਤੀਕ ਅਪੜਾਇਆ। ਸਭ ਤੋ ਉਪਰਲੇ ਗੁੰਬਦ ਉਤੇ ਸੋਨਾ ਚੜ੍ਹਾਇਆ ਗਿਆ। ਇਸ ਦੀਆਂ ਤਿੰਨ ਮੰਜ਼ਲਾਂ ਵਿਚੋਂ ਦੋ ਦੋ ਖਿੜਕੀਆਂ ਹਰ ਪਹਿਲੂ ਵਿਚ ਅਤੇ ਚੌਥੀ ਪੰਜਵੀਂ ਛੇਵੀਂ ਵਿਚ ਇਕ ਇਕ ਬੁਖਾਰਚਾ ਦੋ ਦੋ ਖਿੜਕੀਆਂ ਹਰ

Digitized by Panjab Digital Library | www.panjabdigilib.org

ਪਹਿਲੂ ਵਿਚ ਹਨ ਭਾਵੇਂ ਦੀਵਾਰਾਂ ਚੂਨੇ ਇਟਾਂ ਦੀਆਂ ਹੀ ਬਣੀਆਂ ਹੋਈਆਂ ਹਨ, ਪਰ ਕੜੀਆਂ ਪੱਥਰ ਨਾਲੋਂ ਹਨ । ਬਾਹਰ ਦੀ ਚਿੱਤਰ ਕਾਰੀ ਸ: ਰਣ ਸਿੰਘ ਜੀ ਮਾਰਫਤ ਦਰਬਾਰ ਸਾਹਿਬ ਦੀ ਚੜ੍ਹਤ ਵਿਚੋਂ ਸੰਮਤ 1886 ਨੂੰ ਕਰਵਾਈ ਗਈ ।

ਇਸ ਦੀ ਸ਼ਕਲ ਮੁਨਾਰੇ ਵਰਗੀ ਹੈ। 125 ਫੁਟ ਮਰੱਬਾ ਹਰ ਇਕ ਪਹਿਲੂ ਉੰਨੀ ਉੰਨੀ ਫੁੱਟ ਹੈ। ਉਚਾਈ 1507 ਫੁੱਟ, ਛੇ ਮੰਜ਼ਲਾਂ ਵੱਡੀਆਂ ਅਤੇ ਤਿੰਨ ਮੰਜ਼ਲਾਂ ਛੋਟੀਆਂ, ਇਕ ਮੰਜ਼ਲ, ਗੁੰਬਦ ਸੁਨਹਿਰੀ ਅਤੇ ਇਕ ਕਲਸ਼ ਸੁਨਹਿਰੀ ਇਸ ਤਰ੍ਹਾਂ ਬਾਰਾਂ ਮੰਜ਼ਲਾਂ ਗਿਣੀਆ ਜਾਂਦੀਆਂ ਹਨ। ਇਸ ਉਤੇ ਸਾਰੀ ਰਾਤ ਇਕ ਦੀਵਾ ਜਿਸ ਨੂੰ ਜੋਤ ਬੋਲਦੇ ਹਨ, ਜਗਦਾ ਰਹਿੰਦਾ ਹੈ ਜੋ ਦਸ ਦਸ ਬਾਰਾਂ ਬਾਰਾਂ ਕੋਹ ਤੋਂ ਪਿਆ ਦਿਸਦਾ ਹੈ । ਇਸ ਉਤੇ ਚੜ੍ਹਨ ਵਾਲੇ ਤਰਨ ਤਾਰਨ ਸਾਹਿਬ ਤੀਕ ਹਰ ਤਰਫ ਦਾ ਨਜ਼ਾਰਾ ਲੈਂਦੇ ਹਨ। ਇਸ ਮੰਦਰ ਦੇ ਚਾਰ ਦਰਵਾਜ਼ੇ ਹਨ । ਅੰਦਰਲੀ ਪਰਕਰਮਾਂ ਚੌਹਠ ਫੁਟ ਮੁਰੱਬਾ ਹੈ, ਦੋ ਪੌੜੀਆਂ ਮਸ਼ਰਕ ਤੇ ਮਗਰਬ, ਛੇ ਮੰਜਲਾਂ ਤੀਕ ਹਨ। ਇਸ ਮੰਦਰ ਅੰਦਰ ਛੱਤ ਪਰਕਰਮਾਂ ਸ਼ਮਾਲ ਵੱਲ ਦੀ ਨੁਕਰਈ ਤੇ ਸੁਨਹਿਰੀ ਗੱਚਕਾਰੀ ਤੇ ਨਕਾਸ਼ੀ ਸੰਮਤ 1875 ਨੂੰ ਰਾਣੀ ਸਦਾ ਕੌਰ ਨੇ ਕਰਵਾਈ। ਦੂਸਰੇ ਪਹਿਲੂ ਦਖਣੀ, ਸੰਮਤ 1892 ਨੂੰ, ਰਾਣੀ ਜਿੰਦਾਂ ਨੇ ਤੀਜੇ ਪਹਿਲੂ ਦੀ ਸੁਨਹਿਰੀ ਗੱਚਕਾਰੀ ਭਾਈ ਤਾਰਾ ਸਿੰਘ ਗ੍ਰੰਥੀ, ਪਟਯਾ ਮੱਲ ਤੇ ਚੰਨੀ ਮੱਲ ਨੇ, 1891 ਨੂੰ, ਚੌਥਾ ਪਹਿਲੂ ਸੁੰਦਰ ਸਿੰਘ ਜਮੇਂਦਾਰ ਨੇ ਸੰਮਤ 1888 ਨੂੰ, ਪੰਜਵਾਂ ਪਹਿਲੂ ਤੇ ਸ਼ਮਾਲੀ ਦਰਵਾਜ਼ਾ ਅਤਰ ਸਿੰਘ ਘੜਿਆਲੀਏ ਨੇ ਸੰਮਤ 1890 ਨੂੰ, ਦਰਸ਼ਨੀ ਦਰਵਾਜ਼ੇ ਦੇ ਬਾਹਰੋਂ ਗਚਕਾਰ ਬੇਲ ਬੂਟਾ ਕਿਰਪਾ ਰਾਮ ਲੋਟੀਆ ਨੇ ਸੰਮਤ 1897 ਨੂੰ ਅਤੇ ਅੰਦਰ ਦਰਸ਼ਨੀ ਦਰਵਾਜ਼ੇ ਗਚਕਾਰੀ ਭਾਈ ਮਹਾਂ ਸਿੰਘ ਪਸ਼ੌਰੀ ਨੇ ਸੰਮਤ 1907 ਨੂੰ, ਦੂਜਾ ਪਹਿਲੂ ਦਰਸ਼ਨੀ ਦਰਵਾਜ਼ੇ ਦੇ ਨਾਲ ਸੁਨਹਿਰੀ ਸ਼ੀਸ਼ੇ ਵਾਲਾ ਦੀਵਾਰ ਮੈਹ ਛਤ ਸੰਮਤ 1864 ਨੂੰ, ਸ਼ਾਮ ਸਿੰਘ ਅਟਾਰੀ ਵਾਲੇ ਨੇ ਅਤੇ ਗਰਦੀਨਾਂ ਦੀਵਾਰ ਤਿੰਨ ਗਜ਼ ਦੇ ਕਰੀਬ ਸੁਹੇਲ ਸਿੰਘ ਹਲਵਾਈ ਨੇ ਸੰਮਤ 1803 ਨੂੰ, ਅੰਦਰ ਦਰਵਾਜ਼ਾ ਮਸ਼ਰਕੀ ਤੇ ਪਰਕਮਾਂ ਤੇ ਛਤ ਗੱਚਕਾਰੀ ਸੁਨਹਿਰੀ ਰਾਜਾ ਜਸਵੰਤ ਸਿੰਘ ਨਾਭਾ ਵਾਲਾ ਨੇ ਸੰਮਤ 1893 ਨੂੰ, ਇਕ ਦੀਵਾਰ ਤਿੰਨ ਗਜ਼, ਹੀਰਾ ਸਿੰਘ ਪਸ਼ੌਰੀ ਨੇ ਸੰਮਤ 1909 ਨੂੰ, ਗਰਦੀਨਾਂ ਅੰਦਰ ਦੂਜੀ ਤਰਫ ਗੁਰਬਖਸ਼ ਸਿੰਘ ਅਤਰੇ ਨੇ ਸੰਮਤ 1891 ਨੂੰ, ਛੱਤ ਜਾਨਬ ਜਨੂਬ (ਦੱਖਣ) ਵੱਲ ਮੈਹ ਪਰਕਰਮਾ, ਬੂੜਾ ਮਲ ਅਤਾਰ ਤੇ ਲਾਲਾ ਸ਼ਿਵਦਿਆਲ ਖੰਨੇ ਵਾਲੇ ਨੇ ਸੰਮਤ

Digitized by Panjab Digital Library | www.panjabdigilib.org

1911 ਨੂੰ, ਗਰਦੀਨ ਅੰਦਰਲੀ ਮੈਹ ਦੀਵਾਰਾਂ ਦੋ ਗਜ਼ ਜੀਵਨ ਮਲ ਪਸ਼ੌਰੀਏ ਨੇ 1892 ਨੂੰ, ਜੁਨੂਬ ਵਲ ਪੰਜ ਗਜ਼ ਪਰਕਰਮਾਂ, ਬੂੜਾ ਮਲ ਅਤਾਰ ਨੇ ਸੰਮਤ 1895 ਨੂੰ, ਏਸ ਸਾਲ ਗਰਦੀਨ ਦੋ ਗਜ਼ ਦੀਵਾਰ ਸ: ਠਾਕਰ ਸਿੰਘ ਅਟਾਰੀ ਵਾਲੇ ਨੇ , ਗ਼ਰੂਬ (ਪੱਛਮ) ਵਲ ਦੀ ਪਰਕਰਮਾਂ ਤੇ ਛਤ ਤੇ ਗਰਦੀਨਾਂ ਗਚਕਾਰੀ ਸੁਨਹਿਰੀ ਦੋ ਗਜ਼ ਸੰਮਤ 1897 ਨੂੰ, ਹਰੀ ਸਿੰਘ ਤੇ ਚਰਨ ਸਿੰਘ ਪਸ਼ੌਰੀਆਂ ਨੇ। ਦੋ ਗਜ਼ ਗਰਦੀਨ ਗਚਕਾਰੀ ਸੁਰਮੁਖ ਸਿੰਘ ਲਕੜੀ ਵਾਲੇ ਨੇ ਸੰਮਤ 1812 ਨੂੰ, ਸਤਵੀਂ ਛਤ ਇਟ ਚੂਨੇ ਦੀ ਅਜੇ ਤੀਕ ਸਾਦੀ ਹੈ। ਬਾਹਰ ਇਸ ਛੱਤ ਦੇ ਨਕਾਸ਼ੀ ਤੇ ਗਚਕਾਰੀ ਸੰਮਤ 1908 ਨੂੰ ਘਨੱਈਏ ਪਸ਼ੌਰੀਏ ਨੇ । ਅੰਦਰਲੀ ਦੀਵਾਰ ਤਿੰਨ ਗਜ਼ ਮਰੱਬਾ ਸੁਨਹਿਰੀ ਗੱਚਕਾਰੀ 1892 ਨੂੰ ਕਾਨ੍ਹ ਸਿੰਘ ਅਤੇ ਗੁਰਮੁਖ ਸਿੰਘ ਪਸ਼ੌਰੀਆਂ ਨੇ , ਪੂਰਬ ਦੇ ਪਹਿਲੂ ਇਕ ਪਰਕਰਮਾਂ ਤੇ ਇਕ ਪਰਕਰਮਾਂ ਵਿਚ ਸੁਨਹਿਰੀ ਗਚਕਾਰੀ ਸ਼ੀਸ਼ੇ ਵਾਲੀ ਪਰਕਰਮਾਂ ਸਰਮੁਖ ਸਿੰਘ ਲਕੜੀ ਵਾਲੇ ਨੇ ਸੰਮਤ 1902 ਨੂੰ, ਗਰਦੀਨਾ ਦੀਵਾਰ ਤਿੰਨ ਗਜ਼ ਸੰਮਤ 1890 ਨੂੰ ਦੀਵਾਨ ਸਿੰਘ ਕਲਾਲ ਨੇ, ਦੂਜੇ ਦਰਜੇ ਦੀ ਛਤ ਸ: ਮੀਹਾਂ ਸਿੰਘ ਭਾਗੋਵਾਲੀਏ ਨੇ ਗਚਕਾਰੀ , ਨਕਾਸ਼ੀ ਸੁਨਹਿਰੀ ਸ਼ੀਸ਼ਾ ਲਾਕੇ ਸੰਮਤ 1897 ਨੂੰ ਬਾਕੀ ਹੋਰ ਛੱਤਾਂ ਇਕੋ ਜਿਹੀਆਂ ਹਨ।

ਭਾਵੇਂ ਜਗੀਰ ਕੋਈ ਨਹੀਂ ਪਰ ਰੋਟੀ ਹਰ ਮਤ ਦੇ ਆਦਮੀ ਨੂੰ ਸਦਾ ਇਥੋਂ ਮਿਲਦੀ ਹੈ । ਹਿੰਦੂ ਮੁਸਲਮਾਨ ਛਡ, ਚੋਰ, ਜਵਾਰੀਏ, ਉਠਾਈ ਗੀਰ ਅਤੇ ਜੇਬ ਕੁਤਰੇ ਆਦਿ ਬਹੁਤ ਸੁੱਖਣਾ ਦੇਂਦੇ ਹਨ । ਤਰੀਕਾ ਇਹ ਹੈ ਕਿ ਆਦਮੀ ਬਾਬੇ ਅਟਲ ਦੀ ਸੁਖਣਾ ਰੋਟੀ ਪੁਲਾਓ ਯਾ ਮਠਾਈ ਲਿਆਉਂਦਾ ਹੈ, ਭੋਗ ਲਗ ਅਤੇ ਕੁਝ ਕੁ ਪੁਜਾਰੀਆਂ ਨੂੰ ਦੇ ਕੇ ਬਾਕੀ ਗਰੀਬਾਂ ਨੂੰ ਵੰਡਿਆਂ ਜਾਂਦਾ ਹੈ। ਇਸੇ ਕਰਕੇ ਅਖੌਤ ਹੈ, "ਬਾਬਾ ਅੱਟਲ ਪਕੀਆਂ ਪਕਾਈਆਂ ਘੱਲ" ਇਥੇ ਇੰਨੀ ਰੋਟੀ ਮਿਲਦੀ ਹੈ ਕਿ ਕਈ ਗੁੱਜਰਾਂ ਦੇ ਜਾਕੇ ਵੇਚ ਆਉਂਦੇ ਹਨ।

ਇਸ ਮਕਾਨ ਦੇ ਸਾਹਮਣੇ (ਅਗੇ) ਇਕ ਝੰਡਾ ਸੁਨਹਿਰੀ ਅਤੇ ਇਕ ਪਥਰ ਦੀ ਸਿਲ੍ਹਾ ਹੈ ਜਿਥੇ ਮੱਥਾ ਟੇਕੀ ਦਾ ਹੈ । ਇਹ ਭਾਈ ਰੂਪ ਸਿੰਘ ਸ਼ਕਾਰਪੁਰੀਏ ਦੇ ਪੁੱਤਰ ਭਾਈ ਮਘਰ ਸਿੰਘ ਨੇ ਬਣਵਾਏ । ਦਰਸ਼ਨੀ ਦਰਵਾਜੇ ਦੇ ਸਾਹਮਣੇ ਸਮਾਧ ਚੰਚਲ ਸਿੰਘ ਗੰਥੀ ਦੀ ਅਤੇ ਖੂਹ ਜਿਥੇ ਦੇਗ ਸੁੱਖੇ ਦੀ ਤਿਆਰ ਹੁੰਦੀ ਹੈ। ਸੜਕੋਂ ਪਾਰ ਸ਼ਮਾਲ (ਉਤਰ) ਵਲ ਸ: ਦੇਸ਼ਾ ਸਿੰਘ ਮਜੀਠੀਏ ਦੀ ਸਮਾਧ ਹੈ ਜਿਥੋਂ ਗਰੀਬ ਗੁਰਬੇ ਨੂੰ ਸਦਾ ਰੋਟੀ ਸ: ਦਿਆਲ ਸਿੰਘ ਉਸ ਦੇ ਨਬੀਰੇ ਤੋਂ ਮਿਲਦੀ ਹੈ। ਮਸ਼ਰਕ (ਪੱਛਮ) ਵਲ ਇਕ ਵਡਾ ਦਾਲਾਨ ਲਾਲ

Digitized by Panjab Digital Library | www.panjabdigilib.org

ਪੱਥਰ ਦਾ ਮਹਾਰਾਜੇ ਦਾ ਬਣਵਾਇਆ ਹੋਇਆ ਹੈ । ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੈ। ਇਸ ਵਿਚ ਦੇ ਥੰਮ ਕੂਪਰ ਸਾਹਿਬ ਡਿਪਟੀ ਕਮਿਸ਼ਨਰ ਨੇ ਸੰਮਤ 1915 ਨੂੰ ਰਾਮ ਬਾਗ ਵਿਚੋਂ ਉਖਾੜ ਕੇ ਇਥੇ ਖੜੇ ਕੀਤੇ ।ਏਸੇ ਦਾਲਾਨ ਦੇ ਪਾਸ ਲੰਗਰ ਦੀ ਜਗਹਿ ਸੰਮਤ 1915 ਨੂੰ ਜਨੂਬ (ਦੱਖਣ) ਵਲ ਬਾਬੇ ਅਟਲ ਤੋਂ ਬਾਬੇ ਹਰੇ ਦੀ ਸਮਾਧ ਅਤੇ ਰਾਣੀ ਸਦਾ ਕੌਰ, ਦਰਬਾਰਾ ਸਿੰਘ, ਅਕਾਲ ਸਿੰਘ, ਸ: ਜੋਧ ਸਿੰਘ , ਕੰਵਰ ਪਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਆਦਿ ਦੀਆਂ ਬਹੁਤ ਸਮਾਧਾਂ ਹਨ ਕਿਉਂਕਿ ਇਜ਼ਤ ਵਾਲੇ ਸਿੱਖ ਇਥੇ ਹੀ ਸਸਕਾਰੇ ਜਾਂਦੇ ਸਨ ।ਮਗਰਬ (ਪੱਛਮ) ਵਲ ਸਮਾਧ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਗੰਡਾ ਸਿੰਘ ਪਸ਼ੌਰੀਆ ਸੁਨਹਿਰੀ ਬੰਗਲੇ ਵਾਲੀਆਂ ਹਨ । ਗਿਆਨੀ ਸੰਤ ਸਿੰਘ ਦੀ ਸਮਾਧ ਬਹੁਤ ਵਡੀ ਹੈ, ਇਸ ਵਿਚ ਭਾਂਤ ਭਾਂਤ ਦੀਆਂ ਤਸਵੀਰਾਂ ਪਥਰ ਦੀਆਂ ਰਖੀਆਂ ਹੋਈਆਂ ਹਨ ਇਸ ਲਈ ਬਹੁਤ ਲੋਕ ਬਾਬੇ ਦੀ ਪਰਕਰਮਾਂ ਕਰਦੇ ਹੋਏ ਇਸ ਦੇ ਅੰਦਰ ਤਸਵੀਰਾਂ ਵੇਖਣ ਲਈ ਜਾਂਦੇ ਹਨ। ਇਸ ਦੇ ਅੱਗੇ ਇਕ ਵੱਡੇ ਚਬੂਤਰੇ ਉਤੇ ਹਰ ਮਹੀਨੇ ਇਕ ਜੋੜ ਮੇਲ ਹੁੰਦਾ ਹੈ, ਇਸ ਸਮਾਧ ਉਤੇ ਇਕ ਸੰਗਮਰਮਰ ਦਾ ਬੰਗਲਾ ਹੈ । ਇਹ ਸਮਾਧ ਸੰਮਤ 1891 ਨੂੰ ਅਠ ਹਜ਼ਾਰ ਲੱਗ ਕੇ ਬਣੀ ਸੀ, ਇਸ ਦੇ ਪਾਸ ਮਖਣ ਸਿੰਘ ਗ੍ਰੰਥੀ ਦੀ ਸੰਗਮਰਮਰ ਦੀ ਸਮਾਧ ਹੈ । ਬਾਬਾ ਅਟਲ ਦੇ ਮਸ਼ਰਕੀ ਦਰਵਾਜੇ ਅਗੇ ਸਮਾਧ ਨਵਾਬ ਕਪੂਰ ਸਿੰਘ ਦੀ ਅਤੇ ਸੰਗਮਰਮਰ ਦਾ ਬੰਗਲਾ ਵਾਲੀਏ ਕਪੂਰਥਲਾ ਨੇ ਸੰਮਤ 1926 ਨੂੰ ਬਣਵਾਇਆ । ਇਸ ਮਕਾਨ ਦੇ ਚੁਤਰਫ ਪਰਕਰਮਾਂ ਵਿਚ ਮੈਹ ਦੀਵਾਰ ਸੰਗਮਰਮਰ ਬਹੁਤ ਲਗਾ ਹੋਇਆ ਹੈ। ਉਮੀਦ ਹੈ ਕਿ ਸਭ ਜਗਹਿ ਛੇਤੀ ਹੀ ਸੰਗਮਰਮਰ ਦੀ ਹੋ ਜਾਵੇਗੀ। ਤਿੰਨਾਂ ਵੱਡਿਆਂ ਦਰਵਾਜ਼ਿਆਂ ਦੇ ਬਾਹਰ ਪੌੜੀਆਂ ਤੇ ਚੌਖਟਾਂ ਸੰਗਮਰਮਰ ਦੀਆਂ ਬਣ ਗਈਆਂ ਹਨ । ਜਗੀਰ ਕੁਝ ਨਹੀਂ, ਪਰ ਆਮਦਨੀ ਲਗ ਭੋਗ ਵੀਹ ਹਜ਼ਾਰ ਸਾਲਾਨਾ ਹੈ। ਜਿਸ ਵਿਚੋਂ ਅਧ ਪੁਜਾਰੀਆਂ ਦਾ ਅਤੇ ਅੱਧ ਮਕਾਨ ਉਤੇ ਲਗਦਾ ਹੈ, ਕੁਝ ਕੁ ਨੌਕਰਾਂ ਨੂੰ ਵੀ ਦਿਤਾ ਜਾਂਦਾ ਹੈ।

ਪੁਜਾਰੀ ਇਥੋਂ ਦੇ ਚਾਰ ਹਨ :-

1. ਵਸਾਖਾ ਸਿੰਘ ਅਰੋੜਾ, ਜਿਸਦਾ ਨਵਾਸਾ, ਹਰਦਿਤ ਸਿੰਘ , 9 ਆਨੇ ਪਾਉਂਦਾ ਹੈ।
2. ਜੱਸਾ ਸਿੰਘ ਅਰੋੜਾ, ਅਤੇ ਗੁਲਾਬ ਸਿੰਘ ਲਾਭ ਸਿੰਘ ਆਦਿ ਸਾਢੇ ਤੇਰ੍ਹਾਂ ਆਨੇ ।

Digitized by Panjab Digital Library | www.panjabdigilib.org

3. ਜਵਾਹਰ ਸਿੰਘ ਜਿਮੀਦਾਰ, ਧਰਮ ਸਿੰਘ, ਕਰਮ ਸਿੰਘ ਅਰੋੜਾ 10 ਆਨੇ ।
4. ਜੀਤ ਸਿੰਘ ਤੇ ਪੰਨਾ ਸਿੰਘ ਸੁਖੱਈ, ਸੁਰਮੁੱਖ ਸਿੰਘ ਅਰੋੜਾ ਨੂੰ ਛੇ ਆਨੇ

ਖਜਾਨਿਓ ਮਿਲਦੇ ਹਨ। ਚਵੀ ਹਜ਼ਾਰ ਰੁਪਿਆ ਸਰਕਾਰ ਨਾਭਾ ਨੇ ਸੰਮਤ 1951 ਨੂੰ ਇਥੇ ਚੜ੍ਹਾਇਆ ਜੋ ਇਨ੍ਹਾਂ ਸਭ ਨੂੰ ਹਿਸਿਆਂ ਮੂਜਬ ਵੰਡ ਦਿਤਾ ਗਿਆ, ਇਸ ਵਿਚੋਂ 6164/- ਰਾਜਾ ਜੀ ਦੇ ਹੁਕਮ ਮੂਜਬ ਮਲਵਈ ਬੁੰਗੇ ਦੇ ਮਹੰਤ ਈਸ਼ਰ ਸਿੰਘ ਨੂੰ ਦਿੱਤੇ ਗਏ, ਇਸ ਵਿਚੋਂ ਕੌਡੀ ਮਕਾਨ ਉਤੇ ਨਹੀਂ ਲੱਗੀ । ਇਹ ਸਭ ਰੁਪਿਆ ਇਨ੍ਹਾਂ ਦੀ ਖਾਹਸ਼ ਮੂਜਬ ਖਰਚ ਹੋਇਆ , 2/- ਮਹਾਵਾਰੀ ਦੇਗ ਸੁੱਖੇ ਦੀ ਹੈ । ਖੱਤਰੀ ਸਿਖ ਇਥੇ ਬਹੁਤ ਕੁਝ ਚੜ੍ਹਾਉਂਦੇ ਹਨ ।

## ਹਾਲ ਅਖਾੜਿਆਂ ਦਾ

ਬਾਬਾ ਸਿਰੀ ਚੰਦ ਜੀ 5 ਭਾਦੋਂ ਸੰਮਤ 1551 ਨੂੰ ਗੁਰੂ ਨਾਨਕ ਦੇਵ ਜੀ ਦੇ ਘਰ ਪੈਦਾ ਹੋਏ । ਜਦ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿਤੀ ਗਈ ਤਾਂ ਆਪ ਗੁੱਸੇ ਹੋ ਕੇ ਕਰਤਾਰ ਪੁਰੋਂ ਬਾਹਰ ਇਕ ਟਾਹਲੀ ਹੇਠ ਜਾ ਬੈਠੇ ਅਤੇ ਮੁੜ ਕਦੀ ਘਰ ਨਾ ਆਏ, ਫੇਰ ਜ਼ਿਲ੍ਹਾ ਗੁਰਦਾਸ ਪੁਰ ਵਿਚ ਸੰਮਤ 1669 ਤੱਕ ਤਪ ਕਰਦੇ ਰਹੇ । ਦੁਨੀਆਂ ਤੋਂ ਉਦਾਸ ਰਹਿਣ ਦੇ ਕਾਰਨ ਉਦਾਸੀ ਪੰਥ ਚਲਿਆ । ਆਪ ਦਾ ਚੇਲਾ ਬਾਬਾ ਗੁਰਦਿਤਾ ਜੀ ਹੋਏ । ਜਿਨ੍ਹਾਂ ਦੇ ਚਾਰ ਚੇਲੇ ਫੂਲ ਸਾਹਿਬ, ਗੋਇੰਦ ਸਾਹਿਬ, ਬਾਲੂ ਹਸਲਾ ਅਤੇ ਅਲਮਸਤ ਸਾਹਿਬ ਆਦਿ ਹੋਏ । ਇਨ੍ਹਾਂ ਚੌਹਾਂ ਤੋਂ ਹੀ ਚਾਰ ਧੂਏਂ ਨਿਕਲੇ ਅਤੇ ਇਕ ਸਾਂਝਾਂ ਪੰਚੈਤੀ ਅਖਾੜਾ ਕਾਇਮ ਹੋਇਆ, ਦੂਜਾ ਅਖਾੜਾ ਸੰਗਤ ਸਾਹਿਬ ਦੇ ਗਰੋਹ ਦਾ ਹੈ, ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਇਕ ਲੋਹ, ਨਕਾਰਾ, ਸੇਲ੍ਹੀ ਟੋਪੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅੱਧੀ ਦਸਤਾਰ ਬਖਸ਼ੀ ਸੀ । ਭਾਵੇਂ ਮਕਾਨ ਤਾਂ ਉਦਾਸੀਆਂ ਦੇ ਸ਼ਹਿਰ ਵਿਚ ਬਹੁਤ ਹਨ, ਪਰ ਜਗੀਰ.ਦਾਰ ਬਾਰ੍ਹਾਂ ਅਖਾੜੇ ਹੀ ਹਨ।

**ਅਖਾੜਾ ਸੰਤੋਖ ਦਾਸ** : ਸਰੋਵਰ ਦੀ ਸ਼ਮਾਲ ਮਸ਼ਰਕੀ (ਉੱਤਰੀ) ਪੂਰਬੀ ਗੁਠ ਵਿਚ ਹੈ। ਇਸ ਨੂੰ ਬਹ੍ਰਮ ਬੂਟੇ ਵਾਲਾ ਅਖਾੜਾ ਵੀ ਆਖਦੇ ਹਨ, ਇਸ ਨਾਲ ਸਿਖ ਸਰਦਾਰਾਂ ਵਲੋਂ ਇਕ ਲਖ ਸਤ ਹਜ਼ਾਰ ਸਤ ਸੌ ਪੰਦਰਾਂ ਰੁ : ਦੀ ਜਗੀਰ ਸੀ। ਪਰ ਸਰਕਾਰੀ ਬੰਦੋਬਸਤ ਵੇਲੇ ਸੰਮਤ 1906 ਨੂੰ ਬਾਰ੍ਹਾਂ ਹਜ਼ਾਰ

Digitized by Panjab Digital Library | www.panjabdigilib.org

ਚਾਰ ਸੌ ਪੈਂਹਠ ਰਹਿ ਗਈ ਬਾਕੀ ਜ਼ਬਤ ਹੋ ਗਈ, ਮਹੰਤ ਬ੍ਰਹਮ ਹਰੀ ਦੇ ਗੁਜਰਨ ਮਗਰੋਂ ਤਿੰਨ ਹਜ਼ਾਰ ਇਕ ਸੌ ਪੰਦਰਾਂ ਦੀ ਜ਼ਬਤ ਹੋ ਕੇ ਨੌ ਹਜ਼ਾਰ ਚਾਰ ਸੌ ਅਠ ਦੀ ਸਦਾ ਵਾਸਤੇ ਅਖਾੜੇ ਦੇ ਲੰਗਰ ਲਈ ਦਵਾਮੀ ਹੋ ਗਈ, ਇਸ ਜਗੀਰ ਤੋਂ ਸਿਵਾ ਨੌ ਸੌ ਪੰਜ ਰੁਪੈ ਦੀ ਜਗੀਰ ਰਿਆਸਤ ਜੰਮੂ ਵਲੋਂ ਅਤੇ ਇਕ ਖੂਹ 50/- ਸਾਲ ਦਾ ਸ: ਭੂਪ ਸਿੰਘ ਰੋਪੜੀਏ ਵਲੋ ਹਨ।

ਮਕਾਨ ਇਸ ਅਖਾੜੇ ਦਾ ਕਰੀਬ ਪੰਜ ਲਖ ਤੋਂ ਬਣਿਆ ਹੈ। ਸੰਗਤ ਸਾਹਿਬ ਜੀ, ਨਰੈਣ ਦਾਸ ਜੀ, ਬਾਬਾ ਗੁਰਬਖਸ਼ ਜੀ, ਭਾਈ ਗੁਰੀਆ, ਸੰਤੋਖ ਦਾਸ ਸੰਮਤ 1850 ਵਿਚ, ਆਪ ਬ੍ਰਹਮ ਸੰਮਤ 1892 ਵਿਚ ਬਹ੍ਮ ਹਰੀ ਸੰਮਤ 1906 ਵਿਚ, ਬਹ੍ਮ ਬੂਟਾ ਸੰਮਤ 1942, ਨਰੰਜਣ ਦਾਸ ਅਜਕਲ ਹੈ।

ਮਹੰਤ ਸੰਤੋਖ ਦਾਸ ਨੇ ਸੰਮਤ 1811 ਵਿਚ ਇਸ ਅਖਾੜੇ ਦੀ ਨੀਂਹ ਰੱਖੀ। ਸੰਮਤ 1840 ਨੂੰ ਨਹਿਰ ਹੰਸਲੀ ਦਰਬਾਰ ਜੀ ਵਿਚ ਲਿਆਕੇ ਪਾਈ, ਜਿਸ ਕਦਰ ਦਬਦਬਾ ਹਾਕਮਾਂ ਦੇ ਘਰ ਮਹੰਤ ਬਹ੍ਮ ਬੂਟੇ ਦਾ ਸੀ, ਹੋਰ ਕਿਸੇ ਦਾ ਨਹੀਂ ਸੀ। ਨਰੰਜਣ ਦਾਸ ਬਹੁਤ ਨੇਕ ਅਤੇ ਸਖੀ ਹੈ। ਨਿਹੰਗ ਫੂਲਾ ਸਿੰਘ ਅਤੇ ਮਹੰਤ ਆਪ ਬਹ੍ਮ ਦੋਵੇਂ ਸਕੇ ਭਾਈ ਸਨ ਅਤੇ ਡਾਕੇ ਮਾਰਿਆ ਕਰਦੇ ਸਨ।

**ਆਖਾੜਾ ਘੁਮੰਡ ਦਾਸ** : ਕਟੜਾ ਰਾਮਗੜੀਆਂ ਵਿਚ ਹੈ। ਇਹ ਦੀ ਨੀਂਹ ਸੰਮਤ 1822 ਵਿਚ ਘੁਮੰਡ ਦਾਸ ਨੇ ਰਖੀ, ਭਾਵੇਂ ਪਹਿਲਾਂ ਤਾਂ ਜਗੀਰ ਬਹੁਤ ਸੀ ਪਰ ਹੁਣ ਇਕ ਹਜ਼ਾਰ ਛਿਆਲੀ ਦੀ ਦਵਾਮੀ ਹੈ ਅਤੇ ਇਕ ਖੂਹ ਪਿੰਡ ਤੁੰਡ ਦਾ ਅੱਸੀ ਰੁਪੈ ਦੀ ਆਮਦਨੀ ਦਾ ਹੈ। ਸ਼ਜਰਾ ਇਹ ਹੈ :-

ਬਾਬਾ ਗੁਰੀਆ, ਉਲ ਦਾਸ ( ਯਾ ਅਵਲ ਦਾਸ ) ਘੁਮੰਡ ਦਾਸ, ਚਰਨਦਾਬ, ਸਰਨ ਦਾਸ, ਸੇਵਾ ਦਾਸ ਜੋ ਹੁਣ ਹੈ।

**ਚਿੱਟਾ ਅਖਾੜਾ** : ਮਾਈ ਸੇਵਾਂ ਦੇ ਬਾਜ਼ਾਰ ਵਿਚ ਹੈ। ਗੰਗਾਰਾਮ ਵਿਆਕਰਨੀ ਨੇ ਕਾਂਸ਼ੀਓਂ ਆ ਕੇ ਸੰਮਤ 1871 ਵਿਚ ਆਬਾਦ ਕੀਤਾ ਅਤੇ ਸਿਖ ਸਰਦਾਰਾਂ ਤੋਂ ਜਗੀਰ ਲੈ ਕੇ ਲੰਗਰ ਤੋਰਿਆ। ਪਹਿਲੋਂ ਇਥੇ ਤਿੰਨ ਹਜ਼ਾਰ ਚਾਰ ਸੌ ਛਿਆਹਠ ਦੀ ਜਗੀਰ ਸੀ, ਪਰ ਨਾਨਕ ਪ੍ਰਕਾਸ਼ ਮਗਰੋਂ ਅਠ ਸੌ ਸਤਰ ਦੀ ਜ਼ਬਤ ਹੋ ਕੇ ਇਕ ਹਜ਼ਾਰ ਸੌ ਰੁਪੈ ਦੀ ਮਹੰਤ ਸੰਤ ਪ੍ਰਕਾਸ਼ ਦੇ ਨਾਮ ਰਹੀ, ਇਸਦੇ ਮਗਰੋਂ 502/- ਦੀ ਸਦਾ ਲਈ ਅਖਾੜੇ ਦੇ ਨਾਮ ਰਹੀ ਬਾਕੀ ਸਭ ਜ਼ਬਤ ਹੋ ਗਈ। ਮਹੰਤ ਗੰਗਾ ਰਾਮ ਜੀ ਨੇ ਐਸਾ ਹੀ ਇਕ ਮਕਾਨ ਕਾਂਸ਼ੀ ਵੀ ਬਣਵਾਇਆ ਸੀ।

Digitized by Panjab Digital Library | www.panjabdigilib.org

ਸ਼ਜਰਾ ਇਹ ਹੈ :-

ਬਾਬਾ ਸ੍ਰੀ ਚੰਦ , ਬਾਬਾ ਗੁਰਦਿੱਤਾ, ਬਾਲੂ ਹਸਨਾ,ਦੱਲ ਦਾਸ, ਰਾਮ ਦਾਸ, ਸਿਰੀ ਰਾਮ , ਧਰਮਦਾਸ, ਗੰਗਾ ਰਾਮ , ਮਹੰਤ ਰਾਮ ਪ੍ਰਕਾਸ਼ ( 1902 ਨੂੰ ਗੁਜ਼ਰੇ ) ਮਹੰਤ ਸੰਤ ਪ੍ਰਕਾਸ਼ (ਸੰਮਤ 1941 ਨੂੰ ਗੁਜ਼ਰੇ ) ਮਹੰਤ ਅਨੰਤ ਪ੍ਰਕਾਸ਼ ਅਜਕਲ ਹਨ।

**ਅਖਾੜਾ ਟਹਿਲ ਦਾਸ** : ਕਟੜਾ ਜਲਹਿ ਵਾਲੀਆਂ ਇਸ ਅਖਾੜੇ ਦੀ ਨੀਂਹ ਟਹਿਲ ਦਾਸ ਨੇ ਰੱਖੀ ਪਹਿਲਾਂ ਪੰਜ ਹਜ਼ਾਰ ਦੋ ਸੌ ਵੀਹ ਦੀ ਜਗੀਰ ਸੀ, ਮਹੰਤ ਬ੍ਰਹਮ ਬਸ਼ੇਸਰ ਦੇ ਗੁਜ਼ਰਨ ਮਗਰੋਂ ਇਕ ਹਜ਼ਾਰ ਚਾਰ ਸੌ ਵੀਹ ਦੀ ਰਹਿ ਗਈ, ਪਰ ਮਹੰਤ ਧਿਆਨ ਦਾਸ ਦੇ ਮਗਰੋਂ ਸੱਤ ਸੌ ਬਾਈ ਰੁਪੈ ਦੀ ਦਵਾਮੀ ਹੋ ਗਈ । ਸ਼ਜਰਾ ਇਹ ਹੈ : -

ਸੰਗਤ ਸਾਹਿਬ, ਦੇਸ ਰਾਜ, ਬਿੰਦਰਾਂ ਬਨ, ਬਦਨ ਚੰਦ, ਟਹਿਲ ਦਾਸ ਸੰਮਤ 1893 ਨੂੰ ਗੁਜ਼ਰੇ, ਬ੍ਰਹਮ ਚੇਤਨ, ਕਾਂਸੀ ਰਾਮ, ਸੰਮਤ 1901 ਨੂੰ ਗੁਜ਼ਰੇ, ਬ੍ਰਹਮ ਬਸ਼ਸ਼ੇਰ (1928 ਨੂੰ ਗੁਜ਼ਰੇ) ਧਿਆਨ ਦਾਸ (1942 ਨੂੰ ਗੁਜ਼ਰੇ) ਅਮਰਦਾਸ ਅਜਕਲ ਹੈ ॥

**ਅਖਾੜਾ ਬਾਲਾ ਨੰਦ** : ਕਟੜਾ ਵਾਲੀਆਂ : ਇਸ ਅਖਾੜੇ ਦੀ ਨੀਂਹ ਸੰਮਤ 1832 ਨੂੰ ਬਾਬਾ ਬਾਲਾ ਨੰਦ ਨੇ ਰੱਖੀ । ਪਹਿਲੋਂ ਆਪ ਟਹਿਲ ਦਾਸ ਦੇ ਅਖਾੜੇ ਦੇ ਮਹੰਤ ਕੀਤੇ ਗਏ। ਫਿਰ ਟਹਿਲ ਦਾਸ ਨੇ ਬ੍ਰਹਮ ਚੰਦ ਨੂੰ ਮਹੰਤ ਕਰ ਦਿਤਾ । ਝਗੜਾ ਹੋ ਕੇ ਪੰਚੈਤ ਨੇ ਤਿੰਨ ਹਜ਼ਾਰ ਅਠਤਾਲੀ ਰੂਪੈ ਦੀ ਜਗੀਰ ਇਸ ਨੂੰ ਟਹਿਲ ਦਾਸ ਦੇ ਅਖਾੜਿਓਂ ਦਿਵਾ ਦਿਤੀ । ਬਾਲਾ ਨੰਦ ਪੰਡਤ ਸੀ, ਇਸ ਲਈ ਇਕ ਹਜ਼ਾਰ ਇਕ ਸੌ ਪੰਜਾਹ ਰੂਪੈ ਦੀ ਜਗੀਰ ਇਸ ਨੇ ਜੇਹਲਮੋਂ ਸਰਦਾਰ ਲਾਲ ਸਿੰਘ ਜਲ੍ਹੇਵਾਲੀਏ ਪਾਸੋਂ ਲੈ ਕੇ ਉਥੇ ਹੀ ਮਕਾਨ ਬਣਵਾਇਆ ਸਮਾਧ ਵੀ ਉਕਤ ਸਰਦਾਰ ਦੀ ਇਸੇ ਮਕਾਨ ਵਿਚ ਹੈ। ਇਹ ਬ੍ਰਾਹਮਣਾਂ ਨੂੰ ਸੰਸਕ੍ਰਿਤ ਪੜਾਉਂਦਾ ਰਿਹਾ ਹੈ ਇਸ ਦੇ ਚਲਾਣੇ ਮਗਰੋਂ ਸੰਮਤ 1906 ਵਿਚ ਹੋਰ ਕੁਝ ਜਬਤ ਹੋ ਕੇ 500/- ਜੇਹਲਮ ਅਤੇ ਇਕ ਹਜ਼ਾਰ ਸੱਤ ਸੌ ਰੂਪੈ ਦੀ ਅੰਮ੍ਰਿਤਸਰ ਵਿਚ ਇਸ ਅਖਾੜੇ ਦੇ ਨਾਮ ਰਹਿ ਗਈ। ਬਾਕੀ ਜ਼ਬਤ ਹੋ ਕੇ ਸੰਮਤ 1940 ਨੂੰ ਇਸ ਅਖਾੜੇ ਦੇ ਮਹੰਤ ਬਸ਼ੰਭਰ ਦਾਸ ਨੇ ਇਕ ਤਿਮੰਜ਼ਲਾ ਨਹਾਇਤ ਹੀ ਉਮਦਾ ਮਕਾਨ ਬਣਵਾਇਆ । ਸ਼ਜਰਾ ਇਹ ਹੈ :-

ਟਹਿਲ ਦਾਸ, ਬਾਲਾ ਨੰਦ, ਬਿਸ਼ਨ ਦਾਸ, ਰਾਜਨ ਪ੍ਰਸ਼ਾਦ, ਬਸੰਭਰ ਪ੍ਰਸ਼ਾਦ ਹੈ ।

Digitized by Panjab Digital Library | www.panjabdigilib.org

**ਅਖਾੜਾ ਮਹੰਤ ਪਰੀਤਮਦਾਸ ਨਿਰਬਾਣ** : ਇਹ ਅਖਾੜਾ ਮਹੰਤ ਪਰੀਤਮ ਦਾਸ ਨੇ ਮੈਹ ਪਕੇ ਤਲਾਬ ਦੇ ਸੰਮਤ 1835 ਨੂੰ ਅਖਾੜਾ ਸੰਗਲ ਵਾਲੇ ਤੋਂ ਪਹਿਲਾਂ ਬਣਾਇਆ ਸੀ। ਦੋ ਹਜ਼ਾਰ ਸੱਤ ਸੌ ਵੀਹ ਰੁਪੈ ਦੀ ਜਗੀਰ ਸੀ ਜਿਸ ਵਿਚੋਂ ਹੁਣ ਸੱਤ ਸੌ ਚਾਲੀ ਰੁਪੈ ਦੀ ਸਦਾ ਲਈ ਹੈ। ਸ਼ਜਰਾ ਇਹ ਹੈ :–

ਪ੍ਰੀਤਮ ਦਾਸ, ਬ੍ਰਹਮਨਿਜ , ਬ੍ਰਹਮਰੂਪ, ਸ਼ਯਾਮ ਦਾਸ, ਰਾਮ ਕਿਸ਼ਨ, ਗਿਆਨ ਦਾਸ, ਨੰਦ ਰਾਮ ਹੁਣ ਹੈ ।

**ਅਖਾੜਾ ਸੰਗਲ ਵਾਲਾ** ਕਟੜਾ ਆਹਲੂਵਾਲੀਆ : ਇਸ ਅਖਾੜੇ ਦੀ ਨੀਂਹ ਵੀ ਮਹੰਤ ਪ੍ਰੀਤਮ ਦਾਸ ਨੇ ਸੰਮਤ 1840 ਵਿਚ ਰੱਖੀ। ਇਸ ਦੇ ਦਰਵਾਜੇ ਵਿਚ ਸੰਗਲ ਬਧਾ ਰਿਹਾ ਕਰਦਾ ਸੀ। ਇਸ ਕਰਕੇ ਇਹ ਨਾਮ ਪਿਆ। ਤਿੰਨ ਹਜ਼ਾਰ ਛੇ ਸੌ ਰੁਪੈ ਦੀ ਪਹਿਲੋਂ ਜਗੀਰ ਸੀ, ਪਰ ਹੁਣ ਦੋ ਹਜ਼ਾਰ ਛੇ ਸੌ ਦੀ ਹੈ। ਇਸ ਅਖਾੜ ਦੇ ਤਅਲਕ ਵਿਚ ਇਕ ਦੇਵੀ ਦਾ ਮੰਦਰ ਵੀ ਹੈ ਜਿਸ ਦੀ ਦੋ ਸੌ ਦੀ ਸਾਲਾਨਾ ਆਮਦਨੀ ਹੈ, ਇਕ ਹਜ਼ਾਰ ਦੋ ਸੌ ਰੁਪਿਆ ਦੁਕਾਨਾ ਆਦਿ ਦੇ ਕਿਰਾਏ ਤੋਂ ਆ ਜਾਂਦਾ ਹੈ। ਸ਼ਜਰਾ ਇਹ ਹੈ :-

ਪ੍ਰੀਤਮ ਦਾਸ, ਨਿਤਯਾ ਨੰਦ , ਪਰਮਾ ਨੰਦ , ਚਰਨਦਾਸ , ਬੁਧ ਪ੍ਰਕਾਸ਼ ਹੁਣ ਹੈ।

**ਅਖਾੜਾ ਕਾਂਸੀ ਵਾਲਾ** : ਦਰਵਾਜ਼ਾ ਘਿਉ ਮੰਡੀ ਕਟੜਾ ਮਹਾਂ ਸਿੰਘ ਮਹੰਤ ਸਰਵਦਾਸ ਨੇ ਸੰਮਤ 1844 ਨੂੰ ਇਸ ਦੀ ਨੀਂਹ ਰੱਖੀ ਅਤੇ ਮਹਾਰਾਜੇ ਤੋਂ ਇਕ ਹਜ਼ਾਰ ਸਤ ਸੌ ਦੀ ਜਾਗੀਰ ਲਈ ਜਿਸ ਵਿਚੋਂ ਹੁਣ ਦੋ ਸੌ ਪੰਜਾਹ ਦੀ ਮਕਾਨ ਲਈ ਦਵਾਮੀ ਹੈ, ਬਾਕੀ ਜ਼ਬਤ ਹੈ । ਇਸ ਅਖਾੜੇ ਦੀ ਜ਼ਮੀਨ ਲੁਲਿਆਨੀ ਤੁੰਗ ਅਤੇ ਬੰਗਾ ਆਦਿ ਪਿੰਡਾਂ ਵਿਚ ਬਹੁਤ ਹੈ, ਇਸ ਲਈ ਆਮਦਨੀ ਦੋ ਹਜ਼ਾਰ ਦੇ ਕ਼ਰੀਬ ਹੈ । ਸ਼ਜਰਾ ਇਹ ਹੈ :

ਸੰਗਤ ਸਾਹਿਬ, ਅੱਛਾ ਰਾਮ, ਭਲਾ ਰਾਮ, ਸ਼ਯਾਮ ਦਾਸ ਸਰਵਦਾਸ, ( ਜੋ ਸੰਮਤ 1888 ਨੂੰ ਗੁਜ਼ਰੇ ) ਗੋਪਾਲ ਦਾਸ, ( ਸੰਮਤ 1893 ਨੂੰ ) ਦਮੋਦਰ ਦਾਸ, ( ਸੰਮਤ 1905 ਨੂੰ ) ਹਰਿ ਭਜਨ ਦਾਸ, ( ਸੰਮਤ 1935 ਨੂੰ ) ਦਯਾਲ ਦਾਸ, ( ਸੰਮਤ 1940 ਨੂੰ ) , ਪਰੇਮ ਦਾਸ ਹੀਰਾ ਦਾਸ ਹੁਣ ਹਨ ।

**ਅਖਾੜਾ ਕਾਂਸ਼ੀ ਵਾਲਾ** ਕਟੜਾ ਜਲਹੇ ਵਾਲੀਆਂ : ਪਾਸ ਦਰਵਾਜ਼ਾ ਸੁਲਤਾਨ ਵਿੰਡ, ਮਹੰਤ ਅਦਵੈਤ ਨਰੈਣ ਨੇ ਸੰਮਤ 1852 ਨੂੰ ਨੀਂਹ ਰਖੀ, ਇਹ ਵੀ ਮੰਡੀ ਵਾਲੇ ਅਖਾੜੇ ਵਿਚੋਂ ਹੈ । ਪਹਲੋਂ 4790 ਰੁ : ਦੀ ਜਗੀਰ ਸੀ। ਹੁਣ ਦੋ ਹਜ਼ਾਰ ਦੋ ਸੌ ਦੀ ਦਵਾਮੀ ਹੈ, ਪਰਗਨਾ ਅਜਨਾਲਾ ਅਤੇ ਸਿਆਲਕੋਟ

Digitized by Panjab Digital Library | www.panjabdigilib.org

ਵਿਚ ਕੁਝ ਖੂਹ ਵੀ ਹਨ ਜਿਨ੍ਹਾਂ ਦੀ 300 ਰੁਪਏ ਦੀ ਆਮਦਨੀ ਹੈ। ਸ਼ਜਰਾ ਇਹ ਹੈ :

ਮੇਲਾ ਰਾਮ, ਅਦਵੈਤ ਨਰੈਣੇ,(ਸੰਮਤ 1896) ਕਿਸ਼ਨ ਦੇਵ,( 1920) ਗਨਪਤ ਦੇਵ, ( 1922 ) ਈਸ਼ਰ ਦੇਵ,( 1929 ) ਬਸੰਭਰ ਦੇਵ,(ਸੰਮਤ 1939) ਸ਼ਰਨ ਦੇਵ ਹੁਣ ਹੈ।

**ਅਖਾੜਾ ਪਰਾਗ ਦਾਸ** ਕਟੜਾ ਰਾਮਗੜ੍ਹੀਆਂ:ਇਸਦੀ ਨੀਂਹ ਮਹੱਤ ਮਗਨ ਰਾਮ ਨੇ ਸੰਮਤ 1862 ਨੂੰ ਰੱਖੀ, ਪਹਿਲੋਂ 6797 ਰੁ: ਦੀ ਜਗੀਰ ਸੀ, ਹੁਣ 505 ਰੁ: ਦਵਾਮੀਆਂ ਰਹਿ ਕੇ ਬਾਕੀ ਜ਼ਬਤ ਹੈ। ਪਿੰਡ ਬੁਤੇ ਇਨ੍ਹਾਂ ਦੀ ਜਗੀਰ ਹੈ। ਇਨ੍ਹਾਂ ਦਾ ਵਡਾ, ਭਾਈ ਮੀਹਾਂ, ਗੁਰੂ ਤੇਗ ਬਹਾਦਰ ਜੀ ਦਾ ਚਾਕਰ ਸੀ। ਗੁਰੂ ਜੀ ਨੇ ਖੁਸ਼ ਹੋ ਕੇ ਇਕ ਲੋਹ ਬਖਸ਼ੀ ਅਤੇ ਹੁਕਮ ਦਿਤਾ ਕਿ ਲੰਗਰ ਚਲਾਉ ਅਤੇ ਸਿਖੀ ਵਧਾਓ। **ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਲੋਹ ਤੇ ਨਕਾਰਾ ਖੋਹ ਲਿਆ, ਉਹ ਬੜਾ ਖੁਸ਼ ਹੋਇਆ ਅਤੇ ਇਹ ਬਚਨ ਪੜ੍ਹਿਆ :-**

***"ਜਿਸੁ ਕੀ ਬਸਤੁ ਤਿਸੁ ਆਗੈ ਰਾਖੈ ॥***
***ਪ੍ਰਭ ਕੀ ਆਗਿਆ ਮਾਨੈ ਮਾਥੈ ॥"***

**ਇਹ ਸੁਣ ਗੁਰੂ ਜੀ ਨੇ ਖੁਸ਼ ਹੋ ਕੇ ਆਪਣੀ ਅਧੀ ਦਸਤਾਰ, ਇਕ ਨਕਾਰਾ ਇਕ ਸ਼ਮਸ਼ੀਰ ਅਤੇ ਇਕ ਗ੍ਰੰਥ ਸਾਹਿਬ ਬਖਸ਼ਿਆ ਅਤੇ ਮੀਹਾਂ ਸਾਹਿਬ, ਖਤਾਬ ਦਿਤਾ।** ਇਸ ਦਾ ਜਾਂ - ਨਸ਼ੀਨ ਮਗਨ ਰਾਮ ਬਹੁਤ ਲਾਇਕ ਅਤੇ ਮਸ਼ਹੂਰ ਮਹੰਤ ਹੋਇਆ, ਉਸਨੇ ਭੱਤੀ ਪਿੰਡ ਜ਼ਿਲ੍ਹਾ ਪ੍ਰਾਗਰਾਜ ਵਿਚ 1200 ਪਿੰਡ ਜਾਹਲ ਰਿਆਸਤ ਪਟਿਆਲਾ 3000 ਰੁ :, ਪਿੰਡ ਖੁਸਕ ਪੁਰ ਜ਼ਿਲ੍ਹਾ ਜਲੰਧਰ 700 ਰੁ: ਅਤੇ ਪਿੰਡ ਬੁਤ ਜ਼ਿਲਾ ਅੰਮ੍ਰਿਤਸਰ 697 ਰੁ: ਦੀ ਜਾਗੀਰ ਹਾਸਲ ਕੀਤੀ ਅਤੇ ਹਰ ਥਾਂ ਮਕਾਨ ਬਣਵਾਏ ਜੋ ਅਜੇ ਤੀਕ ਹਨ। ਆਪ ਨੇ ਸਭ ਫਿਰਕੇਦੀ ਸ੍ਰੀ ਮਹੰਤੀ ਲਈ ਜੋ ਅਜ ਤੀਕ ਉਸ ਦੇ ਜਾਂਨਸ਼ੀਨ ਪਟਿਆਲੇ ਵਿਚ ਮਹੰਤ ਚੈਨਦਾਸ ਪਾਸ ਹੈ, ਸ਼ਜਰਾ ਇਹ ਹੈ :-

ਸ੍ਰੀ ਚੰਦ ,ਬਾਬਾ ਗੁਰਦਿੱਤਾ, ਗੋਇੰਦ ਦਾਸ , ਗੁਰਮੁੱਖ ਦਾਸ,ਚਿੰਤਾ ਮਨ, ਨੰਦ ਲਾਲ, ਮੀਹਾਂ ਸਾਹਿਬ , ਲਖਵੀਰ, ਰੂਪ ਨਰੈਣ , ਮਗਨਰਾਮ , ਪਰਾਗ ਦਾਸ, ਸਰੂਪ ਦਾਸ , ਬ੍ਰਹਮਾਂ ਦਾਸ, ਚੈਨ ਦਾਸ ਹੁਣ ਹੈ ।

**ਅਖਾੜਾ ਬਬੇਕਸਰ** ਕਟੜਾ ਰਾਮਗੜ੍ਹੀਆਂ :ਇਸ ਅਖਾੜੇ ਦੀ ਨੀਂਹ ਮਹੰਤ ਬਾਲਕ ਰਾਮ ਨੇ ਸੰਮਤ 1882 ਨੂੰ ਰੱਖੀ, ਬਬੇਕ ਸਰ ਦੇ ਪਾਸ । ਪਹਿਲਾਂ

Digitized by Panjab Digital Library | www.panjabdigilib.org

ਇਕ ਹਜ਼ਾਰ ਪੰਜ ਸੌ ਦੀ ਜਗੀਰ ਸੀ ਪਰ ਮਹੰਤਾਂ ਦੇ ਮਗਰੋਂ ਹੁਣ ਕੁਲ ਸੱਤ ਸੌ ਦੀ ਹੀ ਹੈ। ਇਕ ਮਕਾਨ ਇਸ ਅਖਾੜੇ ਦਾ ਨਾਨਕ ਵਾੜਾ ਨਾਮੇ ਹਰਦਵਾਰ ਵੀ ਹੈ। ਸ਼ਜਰਾ ਇਹ ਹੈ :- ਲਖਮੀ ਚੰਦ,ਧਰਮ ਚੰਦ, ਮਿਹਰ ਚੰਦ , ਨਰੈਣ ਦਾਸ,ਧਰਮ ਦਾਸ, ਜੈ ਦਾਸ, ਮਾਯਾ ਦਾਸ, ਬਾਲਕ ਰਾਮ ਹਰਸੁਖ ਦਾਸ, ਜੈ ਪ੍ਰਕਾਸ਼, ਰਾਮ ਸਰਨਦਾਸ, ਮਗਨ ਰਾਮ, ਲਖਾਰਾ ਹੁਣ ਹੈ।

**ਅਖਾੜਾ ਸਮਾਧਾਂ ਵਾਲਾ :** ਚੇਲਾ ਨਾ ਹੋਣੇ ਕਰਕੇ ਇਹ ਅਖਾੜਾ ਹੁਣ ਸਨ ਬਾਗਾਂ ਦੇ ਮਹੰਤ ਨਰੰਜਣ ਦਾਸ ਪਾਸ ਹੈ। ਜਗੀਰ ਇਸ ਨਾਲ ਕੋਈ ਨਹੀਂ ਹੈ। ਇਹ ਅਖਾੜੇ ਲਖਾਂ ਦੀ ਲਾਗਤ ਨਾਲ ਪੱਕੇ ਬਣੇ ਸਨ। ਸਿਖ ਸਰਦਾਰਾਂ ਨੇ ਇਨ੍ਹਾਂ ਨੂੰ ਜਗੀਰਾਂ ਲੰਗਰ ਚਲਾਉਣ ਵਾਸਤੇ ਦਿੱਤੀਆਂ ਸਨ । ਪਹਿਲੇ ਮਹੰਤ ਤਾਂ ਕੁਝ ਲੰਗਰ ਦੇਂਦੇ ਰਹੇ, ਪਰ ਹੁਣ ਕੋਈ ਨਹੀਂ ਦੇਂਦਾ । ਨਾਮ ਦੇ ਫਕੀਰ ਹਨ ਅਸਲ ਵਿਚ ਅਮੀਰ ਹਨ, ਦੁਨੀਆ ਦੇ ਵਿਸ਼ੇ ਸਭ ਭੋਗਦੇ ਹਨ ਅਤੇਕਰਜਾਈ ਤੇ ਬਦਨਾਮ ਹਨ। ਚੂਕਿ ਮਕਾਨਾ ,ਰੋਟੀ ਅਤੇ ਲੀੜੇ ਦੀ ਸਭਸ ਨੂੰ ਲੋੜ ਹੈ। ਪਹਿਲਾਂ ਉਦਾਸੀ, ਨਾਗੇ ਅਤੇ ਖਾਕੇ ਆਦਿ ਰਹਿਾ ਕਰਦੇ; ਹੁਣ ਪੰਦਰਾਂ ਵੀਹ ਸਾਲਾਂ ਤੋਂ ਚੰਗੇ ਚੰਗੇ ਕਪੜੇ ਪਹਿਰਨ ਲਗ ਪਏ ਹਨ ਅਤੇ ਮੂੰਹ ਸਿਰ ਮੁਨਾ ਕੇ ਅਮੀਰ ਬਾਬੂ ਬਣ ਗਏ ਹਨ । ਸਭ ਰਸਮਾਂ ਦੁਨਿਆ ਦਾਰਾਂ ਦੀਆਂ ਲੈ ਲਈਆਂ ਹਨ ਇਸ ਲਈ ਬਦਨਾਮ ਹਨ । ਇਨ੍ਹਾਂ ਜਗੀਰਦਾਰਾਂ ਨਾਲੋਂ ਧਰਮ ਸਾਲੀਏ ਚੰਗੇ ਹਨ ਜੋ ਮੰਗ ਪਿੰਨ ਕੇ ਗਰੀਬ ਗੁਰਬੇ ਨੂੰ ਰੋਟੀ ਕਪੜਾ ਦਿੰਦੇ ਹਨ।

## ਗੁਰਦੁਆਰੇ ਜੋ ਸ਼ਹਿਰ ਦੀ ਹੱਦ ਅੰਦਰ ਹਨ

1. ਗੁਰੂ ਕੇ ਮਹਿਲ ਸੰਮਤ 1638 ਵਿਚ ਬਣੇ , ਕਟੜਾ ਬਾਘ ਸਿੰਘ ਵਿਚ ਹਨ
2. ਕਿਲ੍ਹਾ ਲੋਹ ਗੜ੍ਹ ਸੰਮਤ 1671 ਵਿਚ ਗੁਰੂ ਹਰਿ ਗੋਬਿੰਦ ਜੀ ਨੇ ਤਿਆਰ ਕਰਵਾਇਆ ।
3. ਟਾਹਲੀ ਸਾਹਿਬ ਸੰਤੋਖ ਸਰ ਦੇ ਕੰਢੇ ਕਟੜਾ ਜੈਮਲ ਸਿੰਘ ਵਿਚ ਕਬਜ਼ਾ ਮਹੰਤ ਤੇਜਾ ਸਿੰਘ ਦਾ ਹੈ।
4. ਮਕਾਨ ਗੁਰੂ ਗੋਬਿੰਦ ਸਿੰਘ ਕਟੜਾ ਦੱਲ ਸਿੰਘ, ਕੌਲਸਰ ਕੰਢੇ, ਜੋ ਸੰਮਤ 1752 ਵਿਚ ਇਥੇ ਗੁਰੂ ਜੀ ਆਏ ਕਬਜ਼ਾ ਮਹੰਤ ਗੁਰਦਿਤ ਸਿੰਘ ਦਾ
5. ਗੁਪਾਲ ਦਾਸ ਵਾਲਾ, ਗੁਰੂ ਅਰਜਨ ਸਾਹਿਬ ਜੀ ਦੀ ਜਗਾਹ, ਸੰਮਤ 1882 ਨੂੰ ਤਿਆਰ ਹੋਈ , ਮਹੰਤ ਹਰਿਨਾਥ ਹੈ।

Digitized by Panjab Digital Library | www.panjabdigilib.org

6. ਬੁੰਗਾ ਰਾਮਗੜ੍ਹੀਆਂ ਅੰਦਰ ਹਵੇਲੀ ਸੰਮਤ 1832 ਨੂੰ
7. ਬੁੰਗਾ ਮਜ਼੍ਹਬੀਆਂ ਅੰਦਰ ਸ਼ਹੀਦ ਗੰਜ ਸੰਮਤ 1842 ਵਿਚ ਬਣਿਆ
8. ਮਕਾਨ ਨੱਥਾ ਸਿੰਘ ਨਿਹੰਗ, ਕਟੜਾ ਦੱਲ ਸਿੰਘ
9. ਬੁੰਗਾ ਖੁਸ਼ਾਲ ਸਿੰਘ ਕਟੜਾ ਰਾਮਗੜ੍ਹੀਆਂ, ਸ਼ਹੀਦ ਗੰਜ ਸੰਮਤ 1899 ਨੂੰ ਬਣਿਆ
10. ਮਕਾਨ ਮਾਈ ਕੌਲਾਂ, ਕੰਢੇ ਕੌਲਸਰ ਦੇ , ਸੰਮਤ 1682 ਨੂੰ
11. ਬੇਰ ਬਾਬਾ ਬੁਢਾ ਜੀ
12. ਅਕਾਲ ਬੁੰਗਾ .
13. ਦਰਬਾਰ ਸਾਹਿਬ .
14. ਝੰਡਾ ਬੁੰਗਾਂ .
15. ਸ਼ਹੀਦ ਬੁੰਗਾ .
16. ਬਾਬਾ ਅਟਲ ਸਾਹਿਬ .
17. ਸ਼ਹੀਦ ਗੰਜ ਗੁਰੂ ਕੇ ਬਾਗ ਵਿਚਲਾ ।

## ਧਰਮਸ਼ਾਲਾ ਜੋ ਸ਼ਹਿਰ ਵਿਚ ਹਨ

| ਨੰ = | ਨਾਮ ਧਰਮਸ਼ਾਲਾ | ਨਾਮ ਕਟੜਾ | ਸੰਮਤ |
|---|---|---|---|
| 1. | ਧਰਮਸ਼ਾਲਾ ਦਰਜੀਆਂ | ਲੋਹਗੜ ਪਾਸ ਦਰਵਾਜ਼ਾ | 1879 |
| 2. | ਧਰਮਸ਼ਾਲਾ ਕਰਮਾ ਬਾਈ | " | 1810 |
| 3. | ਧਰਮਸ਼ਾਲਾ ਦਿਲਬਾਗ ਰਾਏ | " | 1900 |
| 4. | ਧਰਮਸ਼ਾਲਾ ਕਹਾਰਾਂ | " | 1830 |
| 5. | ਧਰਮਸ਼ਾਲਾ ਖੱਤਰੀਆਂ | " | 1890 |
| 6. | " ਖਟੀਕਾਂ | " | " |
| 7. | " ਘਨਯਾਂ | " | " |
| 8. | " ਮਾਈ ਗੁਜਰੀ | " | " |
| 9. | " ਸੁਨਾਰਿਆਂ | " | " |
| 10. | " ਬੇਦੀ ਸਾਹਿਬਜ਼ਾਦਿਆਂ | " | " |

Digitized by Panjab Digital Library | www.panjabdigilib.org

| | | | | |
|---|---|---|---|---|
| 11. | ” | ਚੁਬੱਚੇਵਾਲੀ | ” | ” |
| 12. | ” | ” | ” | ” |
| 13. | ” | ਹੀਰਾਂ ਵਾਲੀਆਂ | ਕੱਟੜਾ ਬਾਘ ਸਿੰਘ | 1850 |
| 14. | ” | ਭਾਈ ਸਾਲ੍ਹੋ | ” | 1662 |
| 15. | ” | ਕਰਮ ਚੰਦ | ” | 1701 |
| 16. | ” | ਨਾਈਆਂ | ” | 1802 |
| 17. | ” | ” | ” | ” |
| 18 | ” | ” | ” | ” |
| 19. | ” | ” | ” | ” |
| 20. | ਧਰਮਸ਼ਾਲਾ | ਭਾਈ ਸੁਮੇਰ ਸਿੰਘ | ਕੱਟੜਾ ਭਾ: ਦੇਸੂ ਸਿੰਘ | 1860 |
| 21. | ” | ਧਰਮੋਂ ਬਾਈ | ” | ” |
| 22. | ” | ਸਾਧੂ ਸਿੰਘ | ਕੱਟੜਾ ਚਿੱਟਾਂ | ” |
| 23. | ” | ਸੁਨਹਿਰੀਆਂ | ” | 1830 |
| 24. | ” | ਦੇਵੀ ਸਹਾਇ | ” | 1870 |
| 25. | ਧਰਮਸ਼ਾਲਾ | ਹਰੀ ਸਿੰਘ | ” | 1842 |
| 26. | ” | ” | ” | ” |
| 27. | ” | ” | ” | ” |
| 28. | ” | ਭਾਈ ਚਾਨਣ ਸਿੰਘ ਨਿਰਮਲਾ | ਕੱਟੜਾ ਖਜਾਨਾ | 1844 |
| 29. | ” | ਟੇਕ ਚੰਦ | ” | 1880 |
| 30. | ” | ਟੀਕਾ ਨਾਥ | ” | 1872 |
| 31. | ” | ” | ” | ” |
| 32. | ” | ਸੋੱਢੀਆਂ | ਕੱਟੜਾ ਗਿਆਨੀਆਂ | ” |
| 33. | ” | ਬੂਟੇ ਸ਼ਾਹ | ਬਜ਼ਾਰ ਜਮਾਂਦਾਰ | ” |
| 34. | ” | ਸ: ਭਾਗ ਸਿੰਘ | ਪਾਸ ਮਹਿਲ ਗੁਰੂ ਕੇ | 1811 |

Digitized by Panjab Digital Library | www.panjabdigilib.org

| | | | | |
|---|---|---|---|---|
| 35. | ” | ਅਚਾਰਜਾ | ਕੱਟੜਾ, ਪਰਜਾ | 1811 |
| 36. | ” | ਭਾ: ਨਿਕਾ ਸਿੰਘ | ” | 1813 |
| 37. | ” | ਧਰਮ ਸਿੰਘ ਪੁਰੀ | ਕੱਟੜਾ ਆਹਲੂਵਾਲੀਆਂ | 1782 |
| 38. | ” | ਮਾਈ ਸਰੂਪੀ | ” | 1869 |
| 39. | ” | ਗੱਜਣ ਸ਼ਾਹ | ” | 1852 |
| 40. | ” | ਭਾਈ ਆਸਾ ਸਿੰਘ | ਕੱਟੜਾ ਜੱਲੇ ਵਾਲੀਆਂ | 1843 |
| 41. | ” | ਸਵਾਯਾ ਸਿੰਘ | ” | 1823 |
| 42. | ” | ਪਸ਼ੌਰੀ ਨਿਰਮਲਾ | ” | ” |
| 43. | ” | ਗੁਪਾਲ ਸਿੰਘ | ” | ” |
| 44. | ਧਰਮਸ਼ਾਲਾ | ਹਜ਼ਾਰਾ ਵਾਲਿਆਂ | ਕੱਟੜਾ ਜੱਲੇ ਵਾਲੀਆਂ | 1823 |
| 45. | ਧਰਮਸ਼ਾਲਾ | ਬਾਗ ਰਾਮਾ ਨੰਦ | ਕੱਟੜਾ ਜੱਲੇ ਵਾਲੀਆਂ | 1823 |
| 46. | ” | ਚੰਦਾ ਸਿੰਘ ਬਰਕਤ | ” | ” |
| 47. | ” | ਰਾਮ ਸਿੰਘ ਕੋਤਵਾਲ | ” | ” |
| 48. | ” | ਸਰਬੰਗੀਆਂ | ” | ” |
| 49. | ” | ਜੋਗੀਆਂ | ” | ” |
| 50. | ” | ਬਾਗ ਜਲ੍ਹੇ ਵਾਲਿਆਂ | ” | ” |
| 51. | ” | ਚੈਤੂਯਾ ਨੂਰੀਆਂ | ” | ” |
| 52. | ” | ਚੰਦਾ ਸਿੰਘ ਨੂਰ ਪੁਰੀਆ | ” | ” |
| 53. | ” | ਮਥਰਾ ਦਾਸ | ” | 1811 |
| 54. | ” | ਬ੍ਰਹਮ ਦਾਸ | ” | 1824 |
| 55. | ” | ਭਾ: ਰਤਨ ਸਿੰਘ | ” | 1884 |
| 56. | ” | ਮੇਹਰ ਸ਼ਾਹ | ” | 1872 |
| 57. | ” | ਕਾਹਨ ਸਿੰਘ ਪਸੌਰੀਆਂ | ” | 1831 |
| 58. | ” | ਬ੍ਰਹਮ ਨਿਜ ਰੂਪ | ” | ” |
| 59. | ” | ਬ੍ਰਹਮ ਹਜੂਰੀ | ” | 1845 |

Digitized by Panjab Digital Library | www.panjabdigilib.org

| | | | | |
|---|---|---|---|---|
| 60. | ” | ਖੁਸ਼ੀ ਸ਼ਾਹ | ਕੱਟੜਾ ਨਿਹਾਲ ਸਿੰਘ | 1801 |
| 61. | ” | ਬਾਵਾ ਗੋਪਾਲ ਸਿੰਘ | ” | 1860 |
| 62. | ” | ਦਇਆ ਰਾਮ | ਕੱਟੜਾ ਨਿਹਾਲ ਸਿੰਘ | 1887 |
| 63. | ” | ਮੁਸ਼ਤਾਕ ਸਿੰਘ ਨਿਰਮਲਾ | ” | 1871 |
| 64. | ਧਰਮਸ਼ਾਲਾ | ਸੋਹੀਆਂ | ਕੱਟੜਾ ਨਿਹਾਲ ਸਿੰਘ | 1870 |
| 65. | ” | ਨਾਨਕ ਖੱਤਰੀ | ਕੱਟੜਾ ਦੱਲ ਸਿੰਘ | 1812 |
| 66. | ” | ਹੁਕਮ ਸਿੰਘ | ਕੱਟੜਾ ਕਾਲਿਆਂ ਵਾਲਾ | 1817 |
| 67. | ” | ਭਗਤ ਸਿੰਘ ਰਾਗੀ | ” | 1826 |
| 68. | ” | ਪ੍ਰਤਾਪ ਸਿੰਘ | ” | 1882 |
| 69. | ” | ਅਤਰ ਸਿੰਘ ਚੱਠੇਵਾਲਾ | ” | ” |
| 70. | ਧਰਮਸ਼ਾਲਾ | ਭਾ: ਲਾਲ ਸਿੰਘ | ਕੱਟੜਾ ਕਾਲਿਆਂ ਵਾਲਾ | 1882 |
| 71. | ” | ਭਗਵਾਨ ਸਿੰਘ | ” | ” |
| 72. | ” | ਈਸਰ ਸਿੰਘ ਮਿਸ਼ਰੀ ਵਾਲਾ | ” | 1913 |
| 73. | ” | ਲਾਲ ਸਿੰਘ | ” | ” |
| | | ਠਾਕਰ ਦਵਾਰੀਆਂ | | |
| 74. | ” | ਅਮਰ ਸਿੰਘ | ” | ” |
| 75. | ” | ਫਤਿਹ ਸਿੰਘ ਰਾਗੀ | ” | ” |
| 76. | ” | ਆਤਮਾ ਸਿੰਘ ਮੀਰ ਕੋਟੀਆਂ | ” | ” |
| 77. | ” | ਆਤਮਾ ਸਿੰਘ ਠਾਰੂ | ” | ” |
| 78. | ” | ਸਿੰਧੀਆਂ | ” | ” |
| 79. | ” | ਮਹੰਤ ਹਰਨਾਮ ਸਿੰਘ | ” | ” |
| 80. | ” | ਗੌਰੀ ਸਿੰਘ | ਬਜ਼ਾਰ ਗੁਰੂ | 1800 |
| 81. | ” | ਬਾਵਾ ਭਵਾਨੀ ਦਾਸ | ਬਜ਼ਾਰ ਗੁਰੂ | 1801 |
| 82. | ” | ਭਾਈ ਹਰਸ ਰਾਮ | ਬਜ਼ਾਰ ਪਟਰੰਗਾ | 1812 |
| 83. | ਧਰਮਸ਼ਾਲਾ | ਬਾਵਾ ਬੌਹ ਮਲੀ | ਬਜ਼ਾਰ ਪਟਰੰਗਾ | 1809 |

Digitized by Panjab Digital Library | www.panjabdigilib.org

| | | | | |
|---|---|---|---|---|
| 84. | ” | ਜਮਨਾ ਮਾਈ | ” | ” |
| 85. | ” | ਕਿਸਨ ਦਾਸ | ” | 1765 |
| 86. | ” | ਭਾ: ਰਾਮ ਦਿਆਲ | ” | 1790 |
| 87. | ” | ਭਾ: ਬ੍ਰਹਮ ਅਚਲ | ” | 1814 |
| 88. | ” | ਭਾ: ਬਾਲ ਸਿੰਘ ਨਿਰਮਲਾ | ਛਾਉਣੀ ਨਿਹੰਗਾ | 1741 |
| 89. | ” | ਸ਼ੇਰ ਸਿੰਘ | ” | 1893 |
| 90. | ” | ਘੱਨਯਾ ਸਿੰਘ | ਛਾਉਣੀ ਨਿਹੰਗਾ | 1872 |
| 91. | ” | ਭਾ: ਕਰਮ ਸਿੰਘ | ” | 1890 |
| 92. | ” | ਬ੍ਰਹਮ ਸਿੰਘ | ” | 1887 |
| 93. | ” | ਪੰਜਾਬ ਸਿੰਘ | ” | ” |
| 94. | ” | ਨਿਹਾਲ ਸਿੰਘ | ” | ” |
| 95. | ਧਰਮਸ਼ਾਲਾ | ਫਤਿਹ ਸਿੰਘ | ਛਾਉਣੀ ਨਿਹੰਗਾ ਅਯੁੱਧਯਾ ਵਾਲਾ | 1887 |
| 96. | ” | ਖਡੂਰੀਆਂ | ” | ” |
| 97. | ” | ਨਾਮਧਾਰੀਆਂ | ” | ” |
| 98. | ” | ਜੋਗਾ ਸਿੰਘ ਰਾਗੀ | ” | ” |
| 99. | ” | ਹਰਨਾਮ ਸਿੰਘ | ” | ” |
| 100. | ” | ਭਾਗ ਸਿੰਘ | ਕੱਟੜਾ ਮਹਾ ਸਿੰਘ | 1840 |
| 101. | ” | ਖੜਕ ਸਿੰਘ | ” | 1852 |
| 102. | ਧਰਮਸ਼ਾਲਾ | ਕਿਰਪਾ ਰਾਮ | ਕੱਟੜਾ ਮਹਾ ਸਿੰਘ | 1852 |
| 103. | ” | ਖੜਕ ਸਿੰਘ | ” | 1881 |
| 104. | ” | ਮਾਈ ਚਾਂਦਦੇਈ | ਕੱਟੜਾ ਜੇਮਲ ਸਿੰਘ | 1853 |
| 105. | ” | ਨਰੈਣ ਸਿੰਘ | ” | 1850 |
| 106. | ” | ਗਣੇਸ਼ ਪਰਬ | ” | 1871 |
| 107. | ” | ਬਟਾਕਾ ਮਲ | ” | 1850 |

Digitized by Panjab Digital Library | www.panjabdigilib.org

| | | | |
|---|---|---|---|
| 108. ” | ਅਮਰ ਸਿੰਘ | ਕੱਟੜਾ ਬਘੀਆਂ | 1812 |
| 109. ” | ਗੁਰਦਿੱਤ ਸਿੰਘ | ” | 1852 |
| 110. ” | ਉਲਾਦਜਮੀਤ ਸ਼ਾਹ | ” | 1871 |
| 111. ” | ਜੋਧ ਮੱਲ | ” | 1880 |
| 112. ” | ਸੰਤੋਖ ਦਾਸ | ” | 1831 |
| 113. ” | ਨਾਨਕ ਖੰਨਾ | ਕੱਟੜਾ ਘਨੱਯਾ | 1960 |
| 114. ” | ਮਾਈ ਅੱਫਰੀ | ” | 1872 |
| 115. ” | ਹਜ਼ੂਰਾ ਸਿੰਘ | ” | ” |
| 116. ” | ਗੁਰਦਿੱਤ ਸਿੰਘ | ” | ” |
| 117. ” | ਉਦਾਸੀਆਂ | ” | ” |
| 118. ” | ਨਾਨਕ ਸ਼ਾਹ | ” | ” |
| 119. ” | ਜੱਸਾ ਸਿੰਘ ਦੈਹਲੀ | ” | 1872 |
| 120. | ਧਰਮਸ਼ਾਲਾ ਭਾਈ ਦਾਸ | ਕੱਟੜਾ ਘਨੱਯਾ | 1900 |
| 121. ” | ਹਾਕਮ ਰਾਏ | ” | 1882 |
| 122. | ਧਰਮਸ਼ਾਲਾ ਗੰਗਾ ਰਾਮ | ਕੱਟੜਾ ਘਨੱਯਾ | 1908 |
| 123. ” | ਲਛੂ ਭਾਬੜਾ | ” | 1827 |
| 124. ” | ਅਡਣ ਸ਼ਾਹੀ ਆਯਾ ਸਿੰਘ | ਮਜੀਠ ਮੰਡੀ | 1870 |
| 125. ” | ਭਾ: ਸਵਾਯਾ ਰਾਮ | ਕਣਕ ਮੰਡੀ | 1870 |
| 126. ” | ਰੱਤਾ ਮਲ | ਕਣਕ ਮੰਡੀ | 1892 |
| 127. ” | ਆਯਾ ਸਿੰਘ | ਕੂਚਾ ਗੰਡਾ ਸਿੰਘ | ” |
| 128. ” | ਕੰਧਾਰੀਆਂ | ਕਣਕ ਮੰਡੀ | 1882 |
| 129. ” | ਨਰੰਜਨ ਦਾਸ ਵੈਰਾਗੀ | ” | 1814 |
| 130. ” | ਰਾਮ ਸਿੰਘ | ਲੂਣ ਮੰਡੀ | 1837 |
| 131. ” | ਬ੍ਰਹਮ ਸਿੰਘ | ” | ” |

Digitized by Panjab Digital Library | www.panjabdigilib.org

| | | | |
|---|---|---|---|
| 132. ” | ਰੋਡੂ ਦਾਸ | ” | ” |
| 133. ” | ਮੇਹਰ ਦਾਸ | ” | ” |
| 134. ” | ਦਇਯਾ ਦਾਸ | ” | ” |
| 135. ” | ਕਲਿਆਣ ਦਾਸ | ” | ” |
| 136. ” | ਬੇਦੀ ਬਿਕ੍ਰਮ ਸਿੰਘ | ਕੱਟੜਾ ਵਸਤੀ ਰਾਮ | 1862 |
| 137. ” | ਬਾਵਾ ਸਰੂਪ ਦਾਸ | ਕਿਲ੍ਹਾ ਭੰਗੀਆਂ | 1844 |
| 138. ” | ਰਾਮ ਦੇਵੀ | ” | 1901 |
| 139. ” | ਤਲੋਕ ਦਾਸ | ਕੱਟੜਾ ਵਸਤੀ ਰਾਮ | 1877 |
| 140. ” | ਬਸਤੀ ਰਾਮ | ” | 1805 |
| 141. ਧਰਮਸ਼ਾਲਾ | ਮਸਤ ਰਾਮ | ਕੱਟੜਾ ਵਸਤੀ ਰਾਮ | 1858 |
| 142. ” | ਊਧੋ ਦਾਸ | ” | 1840 |
| 143. ” | ਕਮੋਹਾਂ | ਕੱਟੜਾ ਰਾਮ ਗੜ੍ਹੀਆਂ | 1813 |
| 144. ” | ਭਾ: ਸੀਤਾ ਸਿੰਘ | ” | 1812 |
| 145. ਧਰਮਸ਼ਾਲਾ | ਭਾ: ਮੇਲਾ ਰਾਮ | ਕੱਟੜਾ ਰਾਮ ਗੜ੍ਹੀਆਂ | 1872 |
| 146. ” | ਲਕੜੀਆਂ ਵਾਲੀ | ” | 1866 |
| 147. ” | ਭਾ: ਮੱਲਾ ਸਿੰਘ | ” | 1872 |
| 148. ” | ਅਰਦਾਸੀਆਂ ਦੀ | ” | 1881 |
| 149. ” | ਜੀਵਨ ਸਿੰਘ | ” | 1870 |
| 150. ” | ਰਮਦਾਸ ਸਿੰਘ | ” | 1875 |
| 151. ” | ਰੰਡਾ ਸਿੰਘ | ” | 1860 |
| 152. ” | ਅਨੋਖਾ | ” | 1852 |
| 153. ” | ਭਾ: ਕਾਕਾ ਸਿੰਘ | ” | 1875 |
| 154. ” | ਠਾਕਰ ਦਯਾਲ ਸਿੰਘ (3 ਧਰਮਸਾਲਾ ) | ” | 1882 |
| 155. ” | ਅੰਤਰਜਾਮੀ | ” | 1858 |

Digitized by Panjab Digital Library | www.panjabdigilib.org

| | | | |
|---|---|---|---|
| 156. ” | ਭਾ:ਪਰਦੁਮਣ ਸਿੰਘ | ” | 1922 |
| 157. ” | ਜੱਸਾ ਸਿੰਘ | ” | ” |
| 158. ” | ਖੂਹ ਵਾਲੀ ਟੱਕਰ ਤੇ | ” | ” |
| 159. ” | ਦਿਆਲ ਸਿੰਘ | ” | 1909 |
| 160. ” | ਜੈ ਸਿੰਘ | ” | 1914 |
| 161. ਧਰਮਸ਼ਾਲਾ | ਫਕੀਰਾਂ ਸਿੰਘ | ਕੱਟੜਾ ਰਾਮ ਗੜ੍ਹੀਆਂ | 1907 |
| 162. ” | ਫਤਿਹ ਸਿੰਘ | ” | 1882 |
| 163. ” | ਖੁਸ਼ਹਾਲ ਸਿੰਘ | ” | 1810 |
| 164. ” | ਅਮੀਰ ਸਿੰਘ | ” | 1820 |
| 165. ” | ਬਾਵਾ ਬ੍ਰਹਮ ਦਾਸ | ” | 1840 |
| 166. ” | ਅਤਰ ਸਿੰਘ | ” | 1857 |
| 167. ” | ਦੂਲੋ ਰਾਮ | ” | 1852 |
| 168. ” | ਕਾਹਨ ਸਿੰਘ | ” | 1892 |
| 169. ” | ਊਧੋ ਦਾਸ | ” | 1904 |
| 170. ਧਰਮਸ਼ਾਲਾ | ਮੱਖਣ ਸਿੰਘ | ਕੱਟੜਾ ਰਾਮ ਗੜ੍ਹੀਆਂ | 1922 |
| 171. ” | ਭਾ:ਕਰਮ ਸਿੰਘ | ਕਟੜਾ ਕਰਮ ਸਿੰਘ | 1840 |
| 172. ” | ਜਹਾਂਗਿਰੀ ਮੱਲ | ” | 1906 |
| 173. ” | ਭਾ:ਮੂਲ ਸਿੰਘ | ” | 1871 |
| 174. ” | ਭਾ:ਸ਼ੇਰ ਸਿੰਘ | ” | 1877 |
| 175. ” | ਭਾ: ਗਿਆਨ ਦਾਸ | ” | 1872 |
| 176. ” | ਭਾ: ਲੋੜੀਂਦਾ ਮਲ | ” | 1890 |
| 177. ” | ਭਾ: ਸੇਵਾ ਰਾਮ | ” | 1897 |
| 178. ” | ਦਯਾਲ ਸਿੰਘ ਛੋਟਾ | ਕਟੜਾ ਰਾਮ ਗੜ੍ਹੀਆਂ | 1897 |
| 179. ” | ਰਾਮ ਸਿੰਘ ਪੋਠੋਹਾਰੀ | ” | ” |
| 180. ” | ਪਰਮਾਤਮਾ ਸਿੰਘ | ” | ” |

Digitized by Panjab Digital Library | www.panjabdigilib.org

| | | | |
|---|---|---|---|
| 181. | ਧਰਮਸ਼ਾਲਾ ਜਵਾਹਰ ਸਿੰਘ | ਕਟੜਾ ਰਾਮ ਗੜ੍ਹੀਆਂ | 1897 |
| 182. | " ਸਵਾਯਾ ਸਿੰਘ | " | " |
| 183. | " ਸੋਭਾ ਸਿੰਘ | " | " |
| 184. | " ਸੁੱਖਾ ਸਿੰਘ | " | " |
| 185. | " ਕੂਮਾ ਸਿੰਘ | " | " |
| 186. | " ਬਬੇਕਾ ਸਿੰਘ | " | " |
| 187. | " ਗੰਗਾ ਗਿਰ | ਕੱਟੜਾ ਦੱਲ ਸਿੰਘ | 1862 |
| 188. | " ਮਾਈ ਮੰਗਲਾ | " | 1895 |
| 189. | " ਮਾਈ ਗੰਗਾ | ਕੌਲਸਰ ਕੋਲ | " |
| 190. | " ਗੁਰਦਿੱਤ ਸਿੰਘ | " | " |
| 191. | " ਦੂਲ ਸਿੰਘ | " | " |
| 192. | " ਬਾਲਕ ਰਾਮ | " | " |
| 193. | " ਰਾਮ ਸਿੰਘ | " | " |
| 194. | " ਜੈ ਰਾਮ ਸਿੰਘ | ਕੱਟੜਾ ਦੱਲ ਸਿੰਘ | 1904 |
| 195. | " ਹਰਸਾ ਸਿੰਘ | " | 1970 |
| 196. | " ਮਾਨ ਸਿੰਘ | " | 1981 |
| 197. | ਧਰਮਸ਼ਾਲਾ ਰਾਮ ਸਿੰਘ | ਕੱਟੜਾ ਗਰਭਾ ਸਿੰਘ | 1891 |
| 198. | " ਭਾ: ਕਾਨ੍ਹ ਸਿੰਘ | " | 1882 |
| 199. | " ਜੋਗਾ ਸਿੰਘ | " | 1792 |
| 200. | " ਤੁਲਸਾ ਸਿੰਘ | " | 1898 |
| 201. | " ਜਵਾਹਰ ਸਿੰਘ | " | 1922 |
| 202. | ਧਰਮਸਾਲਾ | ਕੂਚਾ ਸਤੂ ਵਾਲੀ | 1922 |
| 203. | ਵੱਡੀ ਧਰਮਸ਼ਾਲਾ ਸੁਥਰੇ ਚੇਤ ਸ਼ਾਹ | ਚੌਲ ਮੰਡੀ | " |
| 204. | ਧਰਮਸ਼ਾਲਾ ਮੋਹਣ ਦਾਸ | " | " |

Digitized by Panjab Digital Library | www.panjabdigilib.org

| | | | |
|---|---|---|---|
| | ਸ਼ਕਾਰਪੁਰਿਆ | | |
| 205. ” | ਹਰੀ ਦਾਸ ਪਸੌਰੀਆਂ | ” | ” |
| 206. ” | ਮਾਈ ਸੁਰਸਤੀ | ਚੌਲ ਮੰਡੀ | 1922 |
| 207. ” | ਮੋਹਨ ਦਾਸ ਪੋਠੋਹਾਰੀਆਂ | ਕੱਟੜਾ ਰਾਮਗੜ੍ਹੀਆਂ | ” |
| 208. ” | ਅਤਰ ਸਿੰਘ | ” | ” |
| 209. ” | ਘੋਨੇਵਾਲਿਆਂ ਦੀ | ” | ” |
| 210. ” | ਪਸ਼ੌਰੀਆਂ ਦੀ | ” | ” |
| 211. ” | ਅਮੀਰ ਦਾਸ | ਕੱਟੜਾ ਜੱਲ੍ਹੇ ਵਾਲਿਆਂ | ” |
| 212. ” | ਗੰਗਾ ਰਾਮ | ਕੱਟੜਾ ਮਹਾਂ ਸਿੰਘ | ” |
| 213. ” | ਕਿਸ਼ਲ ਦਾਸ | ਪਾਸ ਕੁਤਵਾਲੀ | ” |
| 214. ” | ਗੁਰਸ਼ਰਨ | ਕਮਾਨੀ ਦਰਵਾਨੀ | ” |
| 215. ” | ਪਟਣ ਵਾਲੀ | ” | ” |
| 216. ” | ਕ੍ਰਿਪਾ ਰਾਮ | ” | ” |
| 217. ” | ਭੁਮਣ ਸ਼ਾਹ | ਹਾਥੀ ਦਰਵਾਜਾ | ” |
| 218. ” | ਮੰਗਲ ਦਾਸ | ” | ” |
| 219. ” | ਸਾਈਂ ਦਾਸ | ਬਜਾਰ ਟੋਕਰੀਆਂ | ” |
| 220. | ਧਰਮਸ਼ਾਲਾ ਸੈਦ ਪੂਰੀਆਂ | ਕੂਚਾ ਖਰਾਸੀਆਂ | 1922 |
| 221. ” | ਕਾਹਨ ਸਿੰਘ ਕੋਤਵਾਲ | ਕਟੜਾ ਜੱਲੇ ਵਾਲਿਆਂ | ” |
| 222. ” | ਕਲਾਸ ਦੇਵ | ਲੂਣ ਮੰਡੀ | ” |

*****************

Digitized by Panjab Digital Library | www.panjabdigilib.org

# ਫਹਿਰਿਸਤ ਸਮਾਧਾਂ

| ਨੰ: | ਨਾਮ | | ਕਟੜਾ | ਸੰਮਤ |
|---|---|---|---|---|
| 1. | ਸਮਾਧ ਭਾ: ਮੱਖਣ ਸਿੰਘ | | ਕਟੜਾ ਹਕੀਮਾਂ | 1862 |
| 2. | ” | ਦੀਵਾਨ ਸਿੰਘ | ” | 1880 |
| 3. | ” | ਸੰਤੋਖ ਦਾਸ | ਕਟੜਾ ਰਾਮਗੜ੍ਹੀਆਂ | 1851 |
| 4. | ” | ਆਪ ਬ੍ਰਹਮ | ” | 1891 |
| 5. | ” | ਬ੍ਰਹਮ ਹਰੀ | ” | 1909 |
| 6. | ” | ਮਨੋ ਕਾਮਨਾ ਸਿੰਘ | ” | 1898 |
| 7. | ” | ਰਾਮ ਦਾਸੀਆਂ | ” | 1890 |
| 8. | ” | ਦਿਆਲ ਸਿੰਘ | ” | 1908 |
| 9. | ” | ਜੈ ਸਿੰਘ ਕਮਲਾ | ” | 1904 |
| 10. | ” | ਰੁਲਦੂ ਸਿੰਘ | ” | ” |
| 11. | ” | ਭਾਈ ਅਤਰ ਸਿੰਘ | ” | 1882 |
| 12. | ਸਮਾਧ ਘਮੰਡ ਦਾਸ | | ਕਟੜਾ ਰਾਮਗੜ੍ਹੀਆਂ | 1880 |
| 13. | ” | ਬ੍ਰਹਮ ਦਾਸ | ” | 1889 |
| 14. | ” | ਮਗਨ ਰਾਮ | ” | 1891 |
| 15. | ” | ਸਾਧੂ ਰਾਮ | ਕਿਲ੍ਹਾ ਭੰਗੀਆਂ | 1909 |
| 16. | ” | ਮਾਈ ਸੇਵਾਂ | ” | 1898 |
| 17. | ” | ਸੰਤੋਖ ਗਿਰ | ” | 1902 |
| 18. | ” | ਚੰਦਾ ਸਿੰਘ | ” | 1903 |
| 19. | ” | ਔਗੜ ਜੋਗੀ | ” | 1893 |
| 20. | ” | ਆਤਮਾ ਸਿੰਘ | ” | 1870 |
| 21. | ” | ਪੂਰਨ ਗਿਰ | ਲੂਣ ਮੰਡੀ | 1908 |
| 22. | ” | ਰਤਨ ਪੁਰੀ | ” | 1892 |
| 23. | ” | ਰਾਮ ਦਿਆਲ ਬੇਪਰਵਾਹ | ” | ” |

Digitized by Panjab Digital Library | www.panjabdigilib.org

| | | | | |
|---|---|---|---|---|
| 24. | ” | ਭਾ: ਵਸਤੀ ਰਾਮ | ਕੱਟੜਾ ਵਸਤੀ ਰਾਮ | 1862 |
| 25. | ” | ਗੁਰਦਿਆਲ | ਕੱਟੜਾ ਮਿੱਤ ਸਿੰਘ | 1909 |
| 26. | ” | ਗਰੀਬੂ ਸ਼ਾਹ | ” | 1867 |
| 27. | ” | ਭਾਗ ਸਿੰਘ | ਕੱਟੜਾ ਦੱਲ ਸਿੰਘ | 1887 |
| 28. | ” | ਨਿਹਾਲ ਸਿੰਘ | ” | ” |
| 29. | ” | ਰਾਮ ਦਯਾਲ | ” | 1896 |
| 30. | ” | ਬਾਵਾ ਦੇਸਾ ਦਲ ਸਿੰਘ ” | | 1896 |
| 31: | ” | ਸ. ਪ੍ਰਤਾਪ ਸਿੰਘ ਦਆਲੂ ਵਾਲਿਆਂ | | ” |

## ਸ਼ਹਿਰ ਦੇ ਅੰਦਰ ਠਾਕਰ ਦਵਾਰੇ

| | | | |
|---|---|---|---|
| 1. | ਦਰਵਾਜ਼ਾ ਹਾਥੀ | ਮਹੰਤ ਚੈਨ ਦਾਸ ਦਾ | |
| 2. | ” | ਰਾਮ ਦਾਸ–<br>–ਕੂਚਾ ਤਾਰਕਸ਼ | |
| 3 | ” | ਬਾਲਕ ਦਾਸ | |
| 4. | ਕਟੜਾ ਦੂਲੋਂ | ਲਾਲ ਚੰਦ ਦਾਸ | 1911 |
| 5. | ” | ਭਗਵਾਨ ਦਾਸ | |
| 6. | ” | ਗੰਗਾ ਦਾਸ | |
| 7. | ” | ਮੋਹਣ ਦਾਸ | |
| 8. | ” | ਸੋਭੀ ਮਾਈ | 1941 |
| 9. | ਕਟੜਾ ਦੂਲੋਂ | ਬਿਸ਼ਨ ਦਾਸ | 1891 |
| 10. | ” | ਗੁਲਾਬ ਰਾਏ | 1851 |
| 11. | ” | ਸੋਭਾ ਰਾਮ | 1907 |
| 12. | ਕਿਲ੍ਹਾ ਭੰਗੀਆਂ | ਗੋਪਾਲ ਦਾਸ | |
| 13. | ਲੂਣ ਮੰਡੀ | ਰਾਮ ਕਿਸ਼ਨ | |
| 14. | ” | ਹਰਨਾਮ ਦਾਸ | |
| 15. | ” | ਗੋਬਿੰਦ ਦਾਸ | |

Digitized by Panjab Digital Library | www.panjabdigilib.org

| | | | |
|---|---|---|---|
| 16. | ” | ਨਰੋਤਮ ਦਾਸ | |
| 17. | ” | ਅੰਬਾ ਦਾਸ ਵਾਲਾ | |
| 18. | ਕੱਟੜਾ ਆਹਲੂਵਾਲੀਆ | ਨੋਹਰੀਆ | |
| 19. | ” | ਗੰਗਾ ਦਾਸ ਵਾਲਾ | |
| 20. | ” | ਜਾਨਕੀ ਦਾਸ ਵਾਲਾ<br>ਪਾਸ ਬਾਗ ਰਾਮਾ ਨੰਦ | |
| 21. | ” | ਰਾਮਾ ਨੰਦ ਵਾਲਾ | |
| 22. | ” | ਗੰਗਾ ਬਿਸ਼ਨ | |
| 23. | ਕੱਟੜਾ ਮਹਾਂ ਸਿੰਘ | ਬਲਭ ਦਾਸ | |
| 24. | ” | ਹਰਭੱਜ ਲਾਲ | |
| 25. | ” | ਰਾਜਾ ਸਾਹਿਬ ਦਿਆਲ | |
| 26. | ” | ਸਾਲਗਰਾਮ | |
| 27. | ਕੱਟੜਾ ਮਹਾਂ ਸਿੰਘ | ਰਾਮ ਬਾਗ | |
| 28. | ਤਲਾਬ ਦੁਰਗਿਆਣਾ | ਪਰਮ ਹੰਸ | |
| 29. | ਪਾਸ ਗਿਰਜਾ ਘਰ | ਮੰਗਲ ਦਾਸ | |
| 30. | ਦੁਰਗਿਆਣਾ | ਲਛਮਣ ਦਾਸ ਵਾਲਾ | |
| 31. | ” | ਰਘੂ ਨਾਥ ਦਾਸ | |
| 32. | ” | ਦਾਨੋ ਦਾਸ | |
| 33. | ” | ਜਗਨ ਨਾਥ | |
| 34. | ਮਜੀਠ ਮੰਡੀ | ਭਗਤ ਬੁੱਧੂ | 1820 |
| 35. | ਕਿਲ੍ਹਾ ਭੰਗੀਆਂ | ਭਗਤ ਸਮੇਂ ਵਾਲਾ | |
| 36. | ਕਿਲ੍ਹਾ ਭੰਗੀਆਂ | ਗੋਪਾਲ ਦਾਸ | 1872 |
| 37. | ” | ਲਾਲ ਰਾਮ ਚੰਦ | |
| 38. | ” | ਲਛਮਣ ਦਾਸ | |
| 39. | ਕੱਟੜਾ ਕਰਮ ਸਿੰਘ | ਭਾਈ ਰਾਮ ਸਹਾਏ | 1888 |

Digitized by Panjab Digital Library | www.panjabdigilib.org

| | | | |
|---|---|---|---|
| 40. | ” | ਨਿਹਾਲ ਵਾਲਾ | 1898 |
| 41. | ਕੱਟੜਾ ਦੱਲ ਸਿੰਘ | ਸੋਭਾ ਸਿੰਘ ਵਾਲਾ | |
| 42. | ਕੱਟੜਾ ਮੋਲੀ ਰਾਮ | ਤਾਰਕਸ਼ਾਂ | 1892 |
| 43. | ਕੱਟੜਾ ਭਾਗ ਸਿੰਘ | ਗੋਪਾਲ ਦਾਸ | |
| 44. | ” | ਜੋਰਾਵਰ ਸਿੰਘ | 1890 |
| 45. | ਕੱਟੜਾ ਖਜਾਨਾ | ਕਿਸ਼ਨ ਚੰਦ | 1905 |
| 46. | ” | ਹੀਰਾ ਬਾਹਮਣ | 1907 |
| 47. | ” | ਰਾਮਜੀ ਦਾਸ | 1904 |
| 48. | ਕੱਟੜਾ ਗਿਆਨੀਆਂ | ਭੱਗੂ ਗਿਰ | 1882 |
| 49. | ” | ਭਗਵੰਤ ਦਾਸ | 1908 |
| 50. | ” | ਰਾਜਾ ਤੇਜਾ ਸਿੰਘ | 1909 |
| 51. | ਕੱਟੜਾ ਆਹਲੂ ਵਾਲੀਆ | ਬਾਵਾ ਪਰਮ ਹੰਸ | 1812 |
| 52. | ” | ਮਿਸਰ ਘੱਨਯਾ ਰਾਮ | 1903 |
| 53. | ਕਣਕ ਮੰਡੀ | ਆਤਮਾ ਸਿੰਘ ਵਾਲਾ | 1908 |
| 54. | ਲੂਣ ਮੰਡੀ | ਠਾਕਰ ਭਗਤ ਸਿੰਘ ਵਾਲਾ | 1892 |
| 55. | ਲੂਣ ਮੰਡੀ | ਅਬਨਾਸੀ ਵਾਲਾ | 1900 |
| 56. | ਕਟੜਾ ਆਹਲੂ ਵਾਲੀਆ | ਬਾਵਾ ਗੰਗਾ ਰਾਮ | 1850 |
| 57. | ਕਟੜਾ ਜੱਲ੍ਹੇਵਾਲੀਆ | ਚਰਨਦਾਸ ਬੈਰਾਗੀ | 1853 |
| 58. | ਘੀ ਮੰਡੀ | ਜਲ੍ਹੂ ਲਾਲ ਮਿਸਰ ਵਾਲਾ | 1901 |
| 59. | ਗਲੀ ਪਟਰੰਗਨਾ | ਬਲਾਸਹ ਸ਼ਾਹ ਵਾਲਾ | 1895 |
| 60. | ” | ਬਾਵਾ ਅਮਰਾ | 1851 |
| 61. | ਕਟੜਾ ਅਰਦਾਸੀਆਂ | ਹੀਰਾ ਸਿੰਘ ਚੌਲਾਂ ਵਾਲਾ | 1822 |
| 62. | ” | ਬ੍ਰਹਮ ਦਾਸ ਵਾਲਾ | 1890 |
| 63. | ਕਟੜਾ ਮਹਾਂ ਸਿੰਘ | ਉਘਾ ਮਲ ਦਲਾਲ | 1872 |
| 64. | ਕਟੜਾ ਜੈਮਲ ਸਿੰਘ | ਮਿਸਰ ਸੰਕਰ ਦਾਸ | 1901 |

Digitized by Panjab Digital Library | www.panjabdigilib.org

| | | |
|---|---|---|
| 65. ਕਟੜਾ ਭੰਗੀਆਂ | ਬ੍ਰਹਮ ਦਾਸ | 1890 |
| 66. ਕਟੜਾ ਜੈਮਲ ਸਿੰਘ | ਰਘਬੀਰ | 1880 |
| 67. ਕ਼ਟੜਾ ਘੱਨਯਾ | ਸੋਭਾ ਦਾਸ | 1877 |
| 68. ਕਟੜਾ ਹਰੀ ਸਿੰਘ | ਰਾਏ ਕਿਸਨ ਚੰਦ | 1925 |
| 69. ਕਟੜਾ ਗਿਆਨੀਆਂ | ਚੜ੍ਹਤ ਦਲਾਲ | 1852 |
| 70. ਕਟੜਾ ਸੋਢੀਆਂ | ਦਰਯਾਨਾ ਮਲ ਵਾਲਾ | 1924 |

## ਫਹਿਰਿਸਤ ਸ਼ਿਵਾਲਿਆਂ ਦੀ

| | | | |
|---|---|---|---|
| 1. | ਕਟੜਾ ਬੇਲੀ ਰਾਮ | ਮਿਸਰ ਵੇਲੀ ਰਾਮ | 1875 |
| 2. | ਕਟੜਾ ਦੇਸੂ ਸਿੰਘ | ਮਾਈ ਨਾਥ' | 1842 |
| 3. | ਪਾਸ ਤਲਾਬ ਟੁੰਡਾ | ਗੁਲਾਬ ਰਾਏ ਹਕੀਮ ਵਾਲਾ | 1901 |
| 4. | ਕਟੜਾ ਦੂਲੋ | ਗੰਗਾ ਰਾਮ ਵਾਲਾ | 1910 |
| 5. | ਲੂਣ ਮੰਡੀ | ਮੂਲ ਰਾਜ ਵਾਲਾ | 1985 |
| 6. | ਲੂਣ ਮੰਡੀ | ਭਵਾਨ. ਗਿਰਵਾਲ | 1847 |
| 7. | ਕਿਲ੍ਹਾ ਭੰਗੀਆਂ | ਮੰਗਲ ਗਿਰਵਾਲ | 1832 |
| 8. | ਕਿਲ੍ਹਾ ਭੰਗੀਆਂ | ਸੰਤੋਖ ਗਿਰਵਾਲਾ | 1890 |
| 9. | ਕਟੜਾ ਕਰਮ ਸਿੰਘ | ਮੌਜ ਨਾਥ | 1862 |
| 10. | ਕਟੜਾ ਕਰਮ ਸਿੰਘ | ਠਾਕਰ ਦਾਸ ਵਾਲਾ | 1884 |
| 11. | ਗੰਡਾ ਮਲ ਵਾਲਾ | ਕਟੜਾ ਦਲ ਸਿੰਘ | 1892 |
| 12. | ਕਟੜਾ ਜਲ੍ਹੇ ਵਾਲੀਆਂ | ਮੋਤੀ ਰਾਮ ਵਾਲਾ | 1870 |
| 13. | ਕਟੜਾ ਹਰੀ ਸਿੰਘ | ਬ੍ਰਹਮਚਾਰੀ ਵਾਲਾ | 1812 |
| 14. | ਘੀ ਮੰਡੀ | ਮਿਸਰ ਵੀਰ ਭਾਨ | 1897 |
| 15. | ਕਟੜਾ ਆਹਲੂ ਵਾਲੀਆ | ਮਿਸਰ ਮਹਾਂਬਲੀ | 1800 |
| 16. | ਬਜ਼ਾਰ ਪਟਰੰਗਾ | ਕਾਨ੍ਹਾਂ ਬਜਾਜ | 1882 |
| 17. | ਕਟੜਾ ਮਹਾਂ ਸਿੰਘ | ਰਘੂਨਾਥ ਦਲਾਲ | |
| 18. | ਚੌਂਕ ਮੱਲਾ ਸਿੰਘ | ਧਰਮਾਂ ਹਲਵਾਈ | 1882 |

Digitized by Panjab Digital Library | www.panjabdigilib.org

## ਫਹਿਰਿਸਤ ਤਲਾਵਾਂ ਦੀ

| | | |
|---|---|---|
| 1. | ਕਟੜਾ ਜੈਮਲ ਸਿੰਘ | ਸੰਤੋਖ ਸਰ |
| 2. | ਸ੍ਰੀ ਹਰਿਮੰਦਰ ਸਾਹਿਬ | ਅਮ੍ਰਿਤਸਰ |
| 3. | ਕਟੜਾ ਰਮਾਗੜ੍ਹੀਆਂ | ਬਬੇਕ ਸਰ |
| 4. | | ਰਾਮ ਸਰ |
| 5. | | ਨਿਬਾਣ ਸਰ |
| 6. | ਕਟੜਾ ਰਾਮਗੜ੍ਹੀਆਂ | ਲਛਮਣ ਸਰ |
| 7. | ਕਟੜਾ ਦਲ ਸਿੰਘ | ਕੌਲਸਰ |

ਨੋਟ:- ਕੌਲਸਰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਣਵਾਇਆ ਅਤੇ ਇਸ ਦੀ ਗਾਰ 1941 ਵਿਚ ਸਾਰੇ ਸ਼ਹਿਰ ਨੇ ਬੜੀ ਖੁਸ਼ੀ ਅਤੇ ਹੌਸਲੇ ਨਾਲ ਕੱਢੀ । ਨਵੇਂ ਸਿਰਿਓਂ ਮੁਰੰਮਤ ਕਰਾਇਆ ਗਿਆ।

## ਫਹਿਰਿਸਤ ਤਕੀਆਂ ਦੀ

| | | | |
|---|---|---|---|
| 1. | ਲੋਹ ਗੜ੍ਹ | ਮਹੰਮਦ ਬਖਸ਼ | 1902 |
| 2. | " | ਸੈਰ ਅਲੀ ਸ਼ਾਹ | 1905 |
| 3. | ਕਟੜਾ ਗਰਭਾ ਸਿੰਘ | ਨੰਦ ਸ਼ਾਹ | 1898 |
| 4. | " " | ਖੁਸ਼ਹਾਲ ਸ਼ਾਹ | 1880 |
| 5. | ਕਟੜਾ ਰਾਮ ਗੜ੍ਹੀਆਂ | ਬਵੱਲ ਜੂ ਕਸਮੀਰੀ | 1918 |
| 6. | " " | ਮਸਤਾਨ ਸ਼ਾਹ | 1884 |
| 7. | " " | ਮੌਜ ਦਰਿਆ | |
| 8. | ਕਟੜਾ ਕਰਮ ਸਿੰਘ | ਸਾਬਰ ਸ਼ਹ | |
| 9. | ਕਿਲ੍ਹਾ ਭੰਗੀਆਂ | ਅਸਰ ਯਾਰ | 1907 |
| 10. | " " | ਕੰਠ ਸ਼ਾਹ | |

## ਫਹਿਰਿਸਤ ਮਸੀਤਾਂ

| | | |
|---|---|---|
| 1. | ਹਾਥੀ ਦਰਵਾਜ਼ਾ ਕੂਚਾ ਅਚਾਰਜਾਂ | ਗੁਰੂ ਅਰਜਨ ਦੇਵੀ ਜੀ ਦੀ ਬਣਵਾਈ ਹੋਈ |

Digitized by Panjab Digital Library | www.panjabdigilib.org

2. ਕਟੜਾ ਆਹਲੂਵਾਲੀਆਂ — ਮੀਆਂ ਮੁਹੰਮਦ ਵਾਲੀ
3. ਪਾਸ ਕੁਤਵਾਲੀ — ਮੁਹੰਮਦ ਜਾਨ
4. ਹਾਲ ਬਜ਼ਾਰ — ਬੈਰਦੀਨ ਵਾਲੀ
5. ਕਟੜਾ ਕਰਮ ਸਿੰਘ — ਮੁਹੰਮਦ ਸ਼ਾਹ ਦੀਨ
6. ਬਾਹਰ ਦਰਵਾਜਾ ਰਾਮ ਬਾਗ — ਈਦ ਗਾਹ

## ਹਾਲ ਦਰਵਾਜਿਆਂ

1. ਦਰਵਾਜ਼ਾ ਲੋਹ ਗੜ੍ਹ :

ਇਸ ਦੇ ਬਾਹਰ ਇਹ ਮਸ਼ਹੂਰ ਮਕਾਨ ਹਨ:-

1. ਕਿਲ੍ਹਾ ਗੋਬਿੰਦ ਗੜ੍ਹ
2. ਠਾਕਰ ਦੁਆਰਾ ਰਘੁਨਾਥ ਦਾਸ
3. ਡੇਰਾ ਦੂਧਾ ਧਾਰੀ
4. ਦੁਰਗਿਆਣਾ
5. ਅਖਾੜਾ ਦੱਤ ਸ਼ਾਹ
6. ਸ਼ਿਵਾਲਾ ਬੂਟਾ ਕਬਾੜੀ
7. ਮੰਦਰ ਸੀਤਲਾ
8. ਮਕਾਨ ਭਦਰਾ
9. ਮਸਾਣ
10. ਠਾਕਰ ਦੁਆਰਾ ਮਾਈ
11. ਠਾਕਰ ਦੁਆਰਾ ਜਗਨਨਾਥ
12. ਤਕੀਆ ਕਾਦਰ ਸ਼ਾਹ
13. ਤਕੀਆ ਅਲਾਹੀ ਬਖਸ਼
14. ਪੀਰ ਖਾਨਾ
15. ਮੰਦਰ ਦੁਰਗਾ ਆਦਿਕ

ਬਾਗ ਬਗੀਚੇ ਸਬਜ਼ ਬਹੁਤ ਖੁਸ਼ ਨੁਮਾਂ ਹਨ । ਮੇਲਾ ਬਸੰਤ ਪੰਚਮੀ, ਮੇਲਾ ਦੁਸਹਿਰਾ, ਸੀਤਲਾ, ਸੁਲਤਾਨ, ਦੁਰਗਿਆਣਾ ਅਤੇ ਘੋੜ ਦੌੜਾਂ, ਮੰਡੀ, ਸਦਾ ਹੁੰਦੀ ਹੈ।

2. ਹਾਥੀ ਦਰਵਾਜਾ : ਸੜਕਾਂ ਅਤੇ ਬਾਗਾਂ ਦੀ ਬੜੀ ਬਹਾਰ ਹੈ । ਇਸ ਦੇ ਬਾਹਰ ਇਕ ਬਗੀਚਾ ਅਤੇ ਕੋਠੀ ਸਪੜੇ, ਸਾਹੂਕਾਰ ਸੰਤ ਰਾਮ ਦੀ ਮਸ਼ਹੂਰ ਹਨ।

3. ਦਰਵਾਜਾ ਹਾਲ : ਇਹ ਦਰਵਾਜਾ ਹਾਲ ਸਾਹਿਬ ਡਿਪਟੀ ਕਮਿਸ਼ਨਰ ਨੇ ਸੰਮਤ 1922 ਰੇਲ ਦੇ ਆਉਣ ਅਤੇ ਇਸ ਦੇ

Digitized by Panjab Digital Library | www.panjabdigilib.org

ਸਾਹਮਣੇ ਸਟੇਸ਼ਨ ਹੋਣ ਕਰਕੇ ਇਹ ਤੇਰ੍ਹਵਾਂ ਦਰਵਾਜ਼ਾ ਬਣਵਾਇਆ । ਬਾਹਰ ਇਸ ਦੇ ਇਹ ਕੁਝ ਹੈ :- ਪੱਕਾ ਤਲਾ ਅਤੇ ਆਲੀਸ਼ਾਨ ਮਕਾਨ ਸੰਤ ਰਾਮ ਸਪੜਾ ਸਾਹੂਕਾਰ ਅਤੇ ਸਿੱਧੀ ਸੜਕ ਸਟੇਸ਼ਨ ਨੂੰ ਜਾਂਦੀ ਹੈ। ਪਹਿਲਾਂ ਇਸ ਅੰਦਰ ਬਹੁਤ ਮੈਦਾਨ ਪਿਆ ਹੁੰਦਾ ਸੀ। ਅਤੇ ਸਰਕਾਰੀ ਜੇਲ੍ਹ ਵੀ ਇੱਥੇ ਹੀ ਸੀ । ਦਰਵਾਜ਼ਾ ਬਣਨ ਵੇਲੇ ਜੇਲ੍ਹ ਸ਼ਹਿਰੋਂ ਦੋ ਮੀਲ ਗੁਮਟਾਲੇ ਵੱਲ ਬਣ ਗਈ।

4. ਦਰਵਾਜਾ ਰਾਮ ਬਾਗ :

ਇਸ ਦੇ ਬਾਹਰ ਇਹ ਕੁਝ ਹੈ: –

1. ਸ਼ਿਵਾਲਾ
2. ਸਰਾਏ ਮਿਸਰ ਰਲਾਰਾਮ
3. ਮੁਸਾਫਰਖਾਨਾ
4. ਮਿੱਠੇ ਠੰਡੇ ਪਾਣੀ ਦਾ ਖੂਹ
5. ਪੱਕਾ ਤਲਾ ਸੰਦਲ ਸਾਹਿਬ ਨੇ ਡਿਪਟੀ ਕਮਿਸ਼ਨਰੀ ਵੇਲੇ ਸੰਮਤ1853 ਈਸਵੀਂ ਨੂੰ ਚੌਦਾਂ ਹਜ਼ਾਰ ਰੁ: ਲਾਕੇ ਬਣਵਾਇਆ ਪਰ ਹੁਣ 1896 ਈਸਵੀਂ ਨੂੰ ਮਿੱਟੀ ਭਰਵਾ ਕੇ ਬਗੀਚਾ ਬਣਵਾਇਆ ਗਿਆ ਹੈ ।
6. ਖਰੈਤੀ ਹਸਪਤਾਲ
7. ਗਿਰਜਾ ਘਰ
8. ਈਦਗਾਹ
9. ਬਾਗ ਗੁਲ ਬੇਗਮ
10. ਠਾਕਰ ਦੁਆਰਾ ਸਾਲਗਰਾਮ
11. ਰਾਮ ਬਾਗ
12. ਤਾਰ ਘਰ
13. ਵਡੀ ਪੁਲਿਸ ਲਾਈਨ ਥਾਣਾ ਆਦਿ ।

ਮਜੀਠਾ ਡੇਰਾ ਬਾਬਾ ਨਾਨਕ ਅਤੇ ਬਟਾਲਾ, ਗੁਰਦਾਸਪੁਰ ਨੂੰ ਇੱਥੋਂ ਹੀ ਸੜਕਾਂ ਜਾਂਦੀਆਂ ਹਨ।

5. ਦਰਵਾਜ਼ਾ ਮਹਾਂ ਸਿੰਘ:–ਇਸ ਦੇ ਬਾਹਰ ਇਕ ਅਹਾਤਾ ਜੋ ਕੋੜ੍ਹਿਆਂ ਲਈ 385 (111) ਨੂੰ ਤਿਆਰ ਹੋਇਆ ਸੀ। ਸੰਮਤ 1871 ਈਸਵੀਂ ਨੂੰ ਆਬਕਾਰੀ ਦਾ ਮਕਾਨ ਬਣ ਗਿਆ ਹੁਣ ਸੰਮਤ 1890 ਈਸਵੀਂ ਤੋਂ ਆਬਕਾਰੀ

Digitized by Panjab Digital Library | www.panjabdigilib.org

ਤਹਿਸੀਲ ਪਾਸ ਬਹੁਤ ਉਮਦਾ ਮਕਾਨ ਬਣ ਗਿਆ ਹੈ ਇਸ ਵਿਚ ਆਬਕਾਰੀ ਹੁੰਦੀ ਹੈ। ਮੁਸਾਫਰ ਖਾਨਾ ਮਿਸਰ ਗਿਆਨ ਚੰਦ ਵਲਦ ਰਲਾ ਰਾਮ ਦਾ।

6. ਦਰਵਾਜ਼ਾ ਘਿਉ ਮੰਡੀ : -

ਇਸ ਦੇ ਬਾਹਰ ਇਹ ਮਕਾਨ ਹਨ :-

1. ਬਗੀਚਾ ਭਾ: ਨਿਹਾਲ ਸਿੰਘ ਨਿਰਮਲਾ

2. ਬਗੀਚਾ ਨੌਹਰੀਆ

3. ਬੁਰਜ ਫੂਲਾ ਸਿੰਘ ਨਿਹੰਗ

4. ਗੋਰਸਤਾਨ

5. ਬਗੀਚਾ ਅਤੇ ਪੱਕਾ ਤਲਾ ਭਾਈ ਕਲਿਆਣ ਸਿੰਘ

6. ਬਗੀਚਾ ਮੁਕੰਦਾ ਮੱਲ

7. ਰਾਮ ਤਲਾਈ :- ਹੰਸਲੀ ਨਹਿਰ ਏਸੇ ਦਰਵਾਜ਼ਿਉਂ ਆਉਂਦੀ ਹੈ। ਮੰਡੀ ਮਾਲ, ਮੇਲਾ ਪਰਕਰਮਾਂ ਕੱਤਕ ਦੀ ਨੌਮੀ ਨੂੰ ਏਸੇ ਦਰਵਾਜੇ ਆ ਕੇ ਠਹਿਰਦਾ ਹੈ ਅਤੇ ਹਰ ਤਰਫ ਸ਼ਹਿਰ ਦੇ ਪਰਕਰਮਾਂ ਕਰਦੇ ਹਨ।

7. ਦਰਵਾਜਾ ਸੁਲਤਾਨ ਵਿੰਡ, ਤੋਪਾਂ ਜਾਂ ਦਿੱਲੀ ਵਾਲਾ : -

ਇਸ ਦੇ ਬਾਹਰ ਇਕ ਪੱਕਾ ਤਲਾ ਸੁਖਦਿਆਲ ਦਾ, ਦੂਜਾ ਤਲਾ ਕੁਝ ਫਾਸਲੇ ਉਤੇ ਸਮਦੂ ਕਸ਼ਮੀਰੀ ਦਾ ਹੈ, ਇਹ ਸਮਦੂ ਪਰਲੇ ਦਰਜੇ ਦਾ ਸੁਲ੍ਹਾ ਕੁਲ ਧਰਮਾਤਮਾ ਹੋਇਆ ਹੈ। ਮਹਾਰਾਜੇ ਨਾਲ ਗੁਲ ਬੇਗਮ ਦੇ ਵਿਆਹ ਵੇਲੇ ਇਹ ਮਹਾਰਾਜੇ ਦਾ ਮੁਸਾਹਿਬ ਬਣਿਆ ਸੀ। ਕਬਰਸਤਾਨ ਕਸ਼ਮੀਰੀਆਂ ਅਤੇ ਬਗੀਚਾ ਨੌਹਰੀਆਂ ਇਨ੍ਹਾਂ ਦੋਹਾਂ ਵਿਚ ਸਦਾ ਛਬੀਲ ਲੱਗੀ ਰਹਿੰਦੀ ਹੈ।

8. ਦਰਵਾਜ਼ਾ ਚਾਟੀ ਵਿੰਡ :

ਤਲਾਅ, ਸਰਾਇ ਅਤੇ ਠਾਕਰ ਦੁਆਰਾ ਮਹੇਸ਼ਰਾ, ਇਕ ਖੂਹ ਅਤੇ ਮੁਸਾਫਰ ਖਾਨਾ ਹੀਰਾ ਸਿੰਘ ਦੇ , ਜਿੱਥੇ ਹੁਣ ਭਾਈ ਸਵਾਇਆ ਸਿੰਘ ਨੇ ਬਹੁਤ ਰੌਣਕ

Digitized by Panjab Digital Library | www.panjabdigilib.org

ਕਰ ਛੱਡੀ ਹੈ। ਬਗੀਚਾ ਅੱਡਣ ਸ਼ਾਹੀਆਂ, ਜਿੱਥੇ ਸਦਾ ਛਬੀਲ ਰਹਿੰਦੀ ਹੈ। ਮੁਰਦਗੜ੍ਹ । ਬਗੀਚਾ ਬੁੱਢਾ ਮੱਲ, ਸ਼ਕਾਰ ਪੁਰੀਆ, ਤਲਾਅ ਫਤਿਹ ਸਿੰਘ ਘੜਿਆਲੀਆ ।

9. ਦਰਵਾਜਾ ਗਲਵਾਲੀ : ਪੁਲਿਸ ਲਾਈਨ ਅਤੇ ਵੱਡਾ ਕਬਰਸਤਾਨ

10. ਦਰਵਾਜਾ ਭੰਗੀਆਂ:ਇਸ ਦਰਵਾਜੇ ਪਾਸ ਅਕਸਰ ਭੰਗੀ ਅਤੇ ਚਮਾਰ ਵੱਸਦੇ ਹਨ। ਬਾਹਰ ਇਕ ਹਿੰਦੂਆਂ ਦਾ ਮੁਰਦਗੜ੍ਹ ਵੀ ਹੈ ।

11. ਦਰਵਾਜਾ ਹਕੀਮਾਂ : ਇਹ ਦਰਵਾਜਾ ਨੂਰ ਦੀਨ ਚਿਰਾਗ ਦੀਨ ਦੀ ਯਾਦ ਵਿਚ ਮਹਾਰਾਜਾ ਨੇ ਤਿਆਰ ਕਰਵਾਇਆ ਸੀ। ਇਥੋਂ ਇਕ ਸ਼ਾਹੀ ਰਾਹ ਫਤਿਹ ਵਾਲ, ਭਰੋ੍ਹ ਵਾਲ ਨੂੰ ਅਤੇ ਮੁਲਕ ਮਾਝਾ ਪਰਗਣਾ ਪੱਟੀ ਨੂੰ ਜਾਂਦਾ ਹੈ ਇਸ ਲਈ ਇਸ ਨੂੰ ਮਾਝੇ ਵਾਲਾ ਵੀ ਆਖਦੇ ਹਨ।

12. ਦਰਵਾਜਾ ਖਜਾਨਾ : ਖਜਾਨਾ ਮਹਾਰਾਜੇ ਦਾ ਖਿਦਮਤ ਗਾਰ ਸੀ ਅਤੇ ਇਥੋਂ ਕੁਝ ਖਜਾਨਾ ਵੀ ਮਿਲਿਆ ਸੀ ਬਾਹਰ ਇਕ ਮੰਦਰ ਭਦਰ ਕਾਲੀ ਦਾ ਹੈ। ਜਿਥੇ ਚੇਤ ਨੂੰ ਬੜਾ ਭਾਰੀ ਮੇਲਾ ਲਗਦਾ ਹੈ। ਇਕ ਕਬਰਸਤਾਨ ਵੀ ਹੈ।

13. ਦਰਵਾਜਾ ਲੌਹਰੀ : ਇਥੋਂ ਪਹਿਲੋਂ ਸੈਦ ਮੈਹਮੂਦ ਦੇ ਕੋਟ ਥਾਣੀ ਹੋਕੇ ਲਹੌਰ ਨੂੰ ਰਾਹ ਜਾਂਦਾ ਸੀ ਜੋ ਹੁਣ ਪੱਕੀ ਸੜਕ ਨਾਲ ਮਿਲਾਇਆ ਗਿਆ ਹੈ। ਬਾਹਰ ਇਹ ਮਕਾਨ ਹਨ:-

1. ਪੁਲਿਸ ਲਾਈਨ 2. ਸਰਾਇ ਤੇ ਬਗੀਚਾ ਲਾਲਾ ਕਿਸ਼ਨ ਚੰਦ

3. ਬਗੀਚਾ ਹਕੀਮ ਗੁਲਾਬ ਰਾਏ ਜਿਸ ਵਿਚ ਬਾਬਾ ਲਾਲ ਜੀ ਦਾ ਮੇਲਾ ਲਗਦਾ ਹੈ

4. ਪਕਾ ਮੁਰਦਗੜ੍ਹ

6. ਹਿੰਦੂਆਂ ਦੇ ਬਾਲਕ ਦੱਬਣ ਦੀ ਜਗ੍ਹਾ

7. ਕਈ ਬਾਗ ਬਗੀਚੇ ਹਨ।

Digitized by Panjab Digital Library | www.panjabdigilib.org

## ਸ਼ਹਿਰ ਦਾ ਖੇਤਰਫਲ

ਇਸ ਸ਼ਹਿਰ ਕੇ ਅੰਦਰ ਦੀ ਕੁੱਲ ਜ਼ਮੀਨ ਬਾਰ੍ਹਾਂ ਸੌ ਅਠਾਰ੍ਹਾਂ ਘੁਮਾਂ ਸੱਤ ਕਨਾਲ ਦੋ ਮਰਲੇ ਹੈ। ਆਬਾਦੀ 80118 ਅਤੇ ਜਿਸ ਅੰਦਰ ਸ਼ਹਿਰ ਦੇ 842 ਏਕੜ 33 ਪੋਲ ਲਿਖੀ ਹੈ, ਪਰ ਇਹ ਦਰਿਆਫਤ ਦੀ ਤਲਬ ਹੈ।

## ਸਿਫਤਾਂ ਸਰੋਵਰ ਦੀਆਂ :

1. ਲਾਗਤ ਭਾਵੇਂ ਕਿਸੇ ਮਕਾਨ ਉਤੇ ਇਸ ਨਾਲੋਂ ਬਹੁਤੀ ਲੱਗੀ ਹੋਵੇ ਪਰ ਇਸ ਜੈਸਾ ਤੇਜ, ਪ੍ਰਤਾਪ ਅਤੇ ਕਤਾ ਕਿਸੇ ਦੀ ਨਹੀਂ ।
2. ਸਫਾਈ ਅਤੇ ਖ਼ੂਬਸੂਰਤੀ ਇਸ ਜੈਸੀ ਕਿਤੇ ਨਹੀਂ, ਜੈਸੀ ਉਮਦਾ ਪੋਸ਼ਾਕ ਪਹਿਨ ਕੇ ਜਾਓ ਜ਼ਰਾ ਭਰ ਦਾ ਗੰਦਾ ਹੋਣ ਦਾ ਵੀ ਕੋਈ ਡਰ ਨਹੀਂ ।
3. ਹਰ ਇਕ ਮਜ਼ਬ ਵਾਸਤੇ ਖੁੱਲ੍ਹਾ ਹੈ, ਕੇਵਲ ਸ਼ਾਮ ਨੂੰ ਅਰਦਾਸੇ ਵੇਲੇ ਸਭ ਨੂੰ ਉਠਣਾ ਪੈਂਦਾ ਹੈ।
4. ਇਥੇ ਅਮੀਰ ਗਰੀਬ ਸਭ ਇਕੋ ਜਿਹੇ ਹਨ।
5. ਰੌਣਕ ਐਨੀ ਹੈ ਕਿ ਯਾਰਾਂ ਤੋਂ ਦੋ ਵਜੇ ਤੀਕ, ਤਿੰਨਾ ਘੰਟਿਆਂ ਤੋ ਬਿਨਾਂ ਸਦਾ ਦਰਬਾਰ ਖੁੱਲ੍ਹਾ ਰਹਿੰਦਾ ਹੈ ਅਤੇ ਕੀਰਤਨ ਅਖੰਡ ਹੁੰਦਾ ਹੈ। ਹਰ ਕੋਈ ਆ ਕੇ ਸੁਣ ਸਕਦਾ ਹੈ। ਅਕਸਰ ਆਦਮੀ ਔਰਤਾਂ ਦੋ ਵਜੇ ਘਰਾਂ ਤੋਂ ਉੱਠ ਕੇ ਭਜਨ ਕਰਦੇ ਹੋਏ ਦਰਬਾਰ ਸਾਹਿਬ ਚਲੇ ਆਉਂਦੇ ਹਨ, ਕੋਈ ਸਿਪਾਹੀ ਪਹਿਰੇ ਵਾਲਾ ਰੋਕ ਟੋਕ ਨਹੀਂ ਸਕਦਾ।
6. ਕਈਆਂ ਨੇ ਇਸ ਵਜ੍ਹਾ ਦੇ ਮਕਾਨ ਬਣਵਾਉਣੇ ਚਾਹੇ ਅਤੇ ਮੇਲੇ ਲਾਏ ਪਰ ਰੌਣਕ ਦੀ ਥਾਂ ਬਰਬਾਦੀ ਹੀ ਹੋਈ ।

1. ਫਤਿਹ ਸਿੰਘ ਘੜਿਆਲੀਏ ਨੇ ਗਲਵਾਲੀ ਦਰਵਾਜਿਉ ਬਾਹਰ
2. ਅਕਬਰ ਬਾਦਸ਼ਾਹ ਦੇ ਮਹੱਲਾਂ ਦੇ ਮੁਖਤਾਰ ਸ਼ਮਸ਼ੇਰ ਖਾਂ ਖ਼੍ਵਾਜਾ ਬਟਾਲੇ ਵਾਲੇ ਨੇ ਬਟਾਲੇ
3. ਅਚਲ ਬਟਾਲੇ ਪਾਸ ਭੰਡਾਰੀ ਨੇ
4. ਮਹਾਰਾਜਾ ਪਟਿਆਲਾ ਨੇ
5. ਪਿਰਥੀ ਚੰਦ ਨੇ ਪਿੰਡ ਹੇਹਰੀ

Digitized by Panjab Digital Library | www.panjabdigilib.org

6. ਹਰਨ ਮੁਨਾਰਾ ਜ਼ਿਲ੍ਹਾ ਗੁਜਰਾਂਵਾਲਾ

7. ਬਾਗ ਲਾਲਾ ਕਿਰਪਾ ਰਾਮ ਚੋਪੜਾ ਵਜ਼ੀਰਾਬਾਦ

8. ਦੁਖ ਨਿਵਾਰਨ

9. ਸਿੰਧ ਮੁਲਕ ਵਿਚ ( ਸ਼ਾਇਦ ਹੈਦਰਾਬਾਦ ਵਿਚ )

7. ਕੈਸਾ ਹੀ ਗਮਗੀਨ ਆਵੇ ਦਰਸ਼ਨ ਕਰਦਿਆਂ ਹੀ ਗਮ ਭੁੱਲ ਜਾਂਦਾ ਹੈ।

8. ਵੱਡੇ ਛੋਟੇ ਸਭ ਨੂੰ ਨੰਗੀ ਪੈਰੀ ਆਉਣਾ ਪੈਂਦਾ ਹੈ, ਭਾਵੇਂ ਲਾਟ ਹੀ ਕਿਉਂ ਨਾ ਹੋਵੇ ਅਤੇ ਹੁੱਕਾ, ਚਰਸ , ਤਮਾਕੂ , ਸ਼ਰਾਬ ਆਦਿ ਕੋਈ ਪਰਕਰਮਾਂ ਵਿਚ ਨਹੀਂ ਲੈਜਾ ਸਕਦਾ ।

9. ਗਰਮੀਆਂ ਨੂੰ ਠੰਡਾ ਜਲ ਅਤੇ ਸਰਦਾਈ ਹਰ ਥਾਂ ਬੈਠੇ ਬਠਾਏ ਪ੍ਰੇਮੀ ਦੇ ਜਾਂਦੇ ਹਨ ਅਤੇ ਪੱਖਾ ਕਰਦੇ ਫਿਰਦੇ ਹਨ। ਸਰਦੀ ਨੂੰ ਲੋਕ ਅੰਗੀਠੀਆਂ ਦਿੰਦੇ ਫਿਰਦੇ ਹਨ। ਦਵਾਈ ਦਾਰੂ ਵੀ ਕਈ ਦਿੰਦੇ ਹਨ।

10. ਦੀਵਾਲੀ ਵਸਾਖੀ ਉਤੇ ਹਜ਼ਾਰਾਂ ਸੰਤ ਅਤੇ ਅਭਿਆਗਤ ਆਉਂਦੇ ਹਨ । ਕੋਈ ਭਾਵੇਂ ਸ਼ਹਿਰੋਂ ਬਾਹਰ ਵੀ ਕਿਉਂ ਨਾ ਹੋਵੇ, ਸਭ ਨੂੰ ਪ੍ਰਸ਼ਾਦ ਦੋ ਵੇਲੇ ਮਿਲ ਜਾਂਦਾ ਹੈ । ਵਹਿਗਿਆਂ ਉੱਤੇ ਰਖਵਾ ਕੇ ਅਮੀਰ ਲੈ ਜਾਂਦੇ ਹਨ। ਪਰਕਰਮਾਂ ਵਿਚ ਅਜਿਹਾ ਕੋਈ ਸਮਾਂ ਨਹੀਂ ਹੁੰਦਾ ਜਦੋਂ ਕੁਝ ਬਣਦਾ ਨਾ ਹੋਵੇ ।

11. ਹੋਰਨਾ ਤੀਰਥਾਂ ਨਾਲੋਂ ਵਾਧਾ ਇਹ ਹੈ ਕਿ ਬਿਨਾਂ ਪੈਸਾ ਦਿੱਤੇ ਇੱਥੇ ਸੇਵਾ ਹੁੰਦੀ ਹੈ, ਹਾਲਾਂ ਕਿ ਹੋਰਨੀ ਤੀਰਥੀਂ ਕਪੜਿਆਂ ਤੀਕ ਵੀ ਲਾਹ ਲੈਂਦੇ ਹਨ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Nanakshahi
- 0519

Digitized by Panjab Digital Library | www.panjabdigilib.org

Digitized by Panjab Digital Library | www.panjabdigilib.org